**MORTGAGE EXPERT**
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver



# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 11 ISSUE : 43 SATURDAY, 21 OCTOBER, 2023
www.punjablinkpaper.com 604-503-5465



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


# ਜਨਤਕ ਸੁਰੱਖਿਆ ਬਾਰੇ ਮੰਤਰੀ ਫਾਰਨਵਰਥ ਵਲੋਂ ਸਰੀ ਪੁਲਿਸ ਟਰਾਂਜ਼ੀਸ਼ਨ ਸਬੰਧੀ ਸੋਧ ਬਿੱਲ ਪੇਸ਼

ਵਿਕਟੋਰੀਆ-ਜਨਤਕ ਸੁਰੱਖਿਆ ਬਾਰੇ ਮੰਤਰੀ ਮਾਈਕ ਫਾਰਨਵਰਥ ਨੇ ਸੋਮਵਾਰ ਇਕ ਬਿੱਲ ਪੇਸ਼ ਕੀਤਾ ਜਿਹੜਾ ਸਰੀ ਵਾਸੀਆਂ ਲਈ ਸਪਸ਼ਟਤਾ ਅਤੇ ਅੰਤਮਤਾ ਮੁਹੱਈਆ ਕਰਦਾ ਹੈ। ਵਿਕਟੋਰੀਆ ਵਿਚ ਜਨਤਕ ਸੁਰੱਖਿਆ ਬਾਰੇ ਮੰਤਰੀ ਅਤੇ ਸਾਲਿਸਟਰ ਜਨਰਲ ਮਾਈਕ ਫਾਰਨਵਰਥ ਨੇ ਕਿਹਾ ਕਿ ਲੋਕ ਇਹ ਜਾਨਣ ਦਾ ਹੱਕ ਰੱਖਦੇ ਹਨ ਕਿ ਜਦੋਂ ਉਨ੍ਹਾਂ ਦੀ ਕਮਿਊਨਿਟੀ ਦੀ ਪੁਲਿਸ ਵਿਚ ਤਬਦੀਲੀ ਹੋ ਰਹੀ ਹੈ ਤਾਂ ਉਨ੍ਹਾਂ ਦੇ ਘਰਾਂ, ਪਰਿਵਾਰਾਂ ਤੇ ਕਾਰੋਬਾਰਾਂ ਦੀ ਰਾਖੀ ਕੌਣ ਕਰ ਰਿਹਾ ਹੈ। ਇਨ੍ਹਾਂ ਸੋਧਾਂ ਦਾ ਮਤਲਬ ਸਰੀ ਸਿਟੀ ਵਲੋਂ ਪੈਦਾ ਕੀਤੀ ਦੁਬਿਧਾ ਬੀਸੀ ਵਿਚ ਹੋਰ ਕਿਤੇ ਨਹੀਂ ਦੁਹਰਾਈ ਜਾਵੇਗੀ ਅਤੇ ਸੋਧਾਂ ਪਾਸ ਹੋਣ 'ਤੇ ਇਹ ਯਕੀਨੀ ਬਣਾਉਣਗੀਆਂ ਕਿ ਪੁਲਿਸ ਪ੍ਰਬੰਧ ਵਿਚ ਤਬਦੀਲੀ ਇਸ ਤਰੀਕੇ ਨਾਲ ਅੱਗੇ ਵਧੇ ਜੋ ਲੋਕਾਂ ਨੂੰ ਨਿਸ਼ਚਤਤਾ ਪ੍ਰਦਾਨ ਕਰੇ ਅਤੇ ਜਨਤਕ ਸੁਰੱਖਿਆ ਕਾਇਮ ਰਹੇ। ਫਾਰਨਵਰਥ ਨੇ ਕਿਹਾ ਕਿ ਕਾਨੂੰਨ ਸਰੀ ਵਾਸੀਆਂ ਨੂੰ ਟਰਾਂਜ਼ੀਸ਼ਨ ਦੇ ਸਬੰਧ ਵਿਚ ਸਪਸ਼ਟਤਾ ਅਤੇ ਅੰਤਮਤਾ ਮੁਹੱਈਆ ਕਰਦਾ ਹੈ। ਐਕਟ ਵਿਚ ਸੋਧਾਂ ਇਹ ਦੱਸਦੀਆਂ ਹਨ ਕਿ ਸਰੀ ਸ਼ਹਿਰ ਪੁਲਿਸ ਸੇਵਾਵਾਂ ਮਿਊਂਸਪਲ ਪੁਲਿਸ ਵਿਭਾਗ ਰਾਹੀਂ ਮੁਹੱਈਆ ਕਰੇਗਾ। ਇਹ ਸਾਲਿਸਟਰ ਜਨਰਲ ਨੂੰ ਸੂਬਾ ਤੇ ਸਰੀ ਸ਼ਹਿਰ ਵਿਚਕਾਰ ਆਰਸੀਐਮਪੀ ਸੇਵਾਵਾਂ ਦੀ ਵਿਵਸਥਾ ਦੇ ਮੌਜੂਦਾ ਸਮਝੌਤੇ ਨੂੰ ਰੱਦ ਕਰਨ ਦਾ ਅਧਿਕਾਰ ਵੀ ਦਿੰਦਾ ਹੈ। ਪ੍ਰੀਮੀਅਰ ਡੇਵਿਡ ਏਬੀ ਨੇ ਕਿਹਾ ਕਿ ਸਰੀ ਮਿਊਂਸਪਲ ਪੁਲਿਸ ਫੋਰਸ ਲਈ ਅੱਗੇ ਵਧ ਰਿਹਾ ਹੈ ਜਾਂ ਨਹੀਂ ਪਰ ਹੁਣ ਇਸ 'ਤੇ ਚਰਚਾ ਨਹੀਂ। ਉਹ ਸਰੀ ਵਿਚ ਮਿਊਂਸਪਲ ਫੋਰਸ ਲਈ ਅੱਗੇ ਵੱਧ ਰਹੇ ਹਨ ਅਤੇ ਹਰ ਇਕ ਦੇ ਲਾਭ ਲਈ ਸਾਨੂੰ ਇਹ ਕੰਮ ਜਾਰੀ ਰੱਖਣ ਦੀ ਲੋੜ ਹੈ। ਫਾਰਨਵਰਥ ਨੇ ਦੱਸਿਆ ਕਿ ਕਾਨੂੰਨ ਇਹ ਤਾਕਤ ਵੀ ਪ੍ਰਦਾਨ ਕਰਦਾ ਹੈ ਕਿ ਜੇਕਰ ਜ਼ਰੂਰੀ ਹੋਵੇ ਤਾਂ ਸੂਬਾ ਸਰਕਾਰ ਐਸਪੀਐਸ 'ਤੇ ਨਿਗਰਾਨੀ ਲਈ ਸਰੀ ਪੁਲਿਸ ਬੋਰਡ ਜਿਸ ਦੀ ਮੌਜੂਦਾ ਸਮੇਂ ਬਰੈਂਡਾ ਲੋਕ ਚੇਅਰਵੋਮੈਨ ਹੈ ਦੇ ਕੰਮਕਾਜ ਨੂੰ ਦੇਖਣ ਵਾਸਤੇ ਇਕ ਪ੍ਰਸ਼ਾਸਕ ਨਿਯੁਕਤ ਕਰਨ ਦਾ ਅਧਿਕਾਰ ਰੱਖਦੀ ਹੈ।





## ਹਾਰ ਨਹੀਂ ਮੰਨ ਰਹੀ ਮੇਅਰ ਬਰੈਂਡਾ ਲੋਕ

ਦੂਸਰੇ ਪਾਸੇ ਸਰੀ ਦੀ ਮੇਅਰ ਬਰੈਂਡਾ ਲੋਕ ਵੀ ਹਾਰ ਨਹੀਂ ਮੰਨ ਰਹੀ। ਸੋਮਵਾਰ ਬਾਅਦ ਦੁਪਹਿਰ ਕਾਨੂੰਨ ਵਿਚ ਕੀਤੀਆਂ ਸੋਧਾਂ ਰਿਲੀਜ਼ ਹੋਣ ਪਿੱਛੋਂ ਲੋਕ ਨੇ ਕਿਹਾ ਕਿ ਅਸੀਂ ਅਜੇ ਇਸ ਦੀ ਸਮੀਖਿਆ ਕਰ ਰਹੇ ਹਾਂ ਅਤੇ ਅਜਿਹਾ ਕਰਨਾ ਜਾਰੀ ਰੱਖਾਂਗੇ। ਲੋਕ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਭ ਤੋਂ ਵੱਡੀ ਗੱਲ ਅਸੀਂ ਇਸ ਸੂਬੇ ਦੇ ਕਰਦਾਤਾਵਾਂ ਦਾ ਬਚਾਅ ਕਰਨਾ ਹੈ। ਸਾਨੂੰ ਪਤਾ ਹੈ ਕਿ ਇਸ ਟਰਾਂਜ਼ੀਸ਼ਨ ਦੀ ਲਾਗਤ ਅਸਾਧਾਰਨ ਹੈ। ਏਬੀ ਨੇ ਕਿਹਾ ਕਿ ਇਹ ਨਿਰਾਸ਼ ਕਰਨ ਵਾਲੀ ਗੱਲ ਹੈ ਕਿ ਉਨ੍ਹਾਂ ਦੀ ਸਰਕਾਰ ਅਤੇ ਸਰੀ ਸਹਿਮਤ ਨਹੀਂ ਹੋ ਰਹੇ। ਆਪਣੀ ਸੋਮਵਾਰ ਦੀ ਪੱਤਰਕਾਰ ਮਿਲਣੀ ਦੌਰਾਨ ਲੋਕ ਨੇ ਆਪਣੇ ਪੋਡੀਅਮ ਦੇ ਕੋਲ ਇਕ ਈਜ਼ਲ ਦਾ ਹਵਾਲਾ ਦਿੱਤਾ ਜਿਸ ਵਿਚ ਐਸਪੀਐਸ ਨਾਲ ਜੁੜੇ 464 ਮਿਲੀਅਨ ਡਾਲਰ ਦੇ ਖਰਚੇ ਪ੍ਰਦਰਸ਼ਤ ਕੀਤੇ ਗਏ ਹਨ ਜਿਸ ਵਿਚ ਪੂੰਜੀ ਲਾਗਤਾਂ ਤੇ ਗਸ਼ਤੀ ਕਾਰਾਂ ਦਾ ਖਰਚਾ ਸ਼ਾਮਿਲ ਨਹੀਂ। ਉਨ੍ਹਾਂ ਚਿਤਾਵਨੀ ਦਿੱਤੀ ਕਿ ਇਸ ਨਾਲ ਸਰੀ ਵਿਚ ਟੈਕਸਾਂ 'ਚ ਭਾਰੀ ਵਾਧਾ ਹੋਣ ਜਾ ਰਿਹਾ ਹੈ। ਇਹ ਤਾਂ ਘੱਟ ਤੋਂ ਘੱਟ ਹੈ। ਇਹ ਪੈਸਾ ਤਾਂ ਲੋਕਾਂ ਦੀ ਸਰੀ ਦੇ ਕਰਦਾਤਾਵਾਂ ਦੀ ਜੇਬ ਵਿਚ ਰਹਿਣਾ ਚਾਹੀਦਾ ਹੈ ਉਹ ਵੀ ਉਸ ਸਮੇਂ ਜਦੋਂ ਅਫੋਰਡਅਬਿਲਟੀ ਸਾਡਾ ਇਕ ਨੰਬਰ ਮੁੱਦਾ ਬਣਿਆਂ ਹੋਇਆ ਹੈ। ਲੋਕ ਨੇ ਕਿਹਾ ਕਿ ਅਸੀਂ ਹਮੇਸ਼ਾ ਵਾਂਗ ਆਪਣੇ ਕਰਦਾਤਾਵਾਂ ਦੀ ਰਾਖੀ ਲਈ ਪੂਰੀ ਵਾਹ ਲਾਵਾਂਗੇ। ਸੂਬਾ ਸਰਕਾਰ ਕਹਿ ਰਹੀ ਹੈ ਕਿ ਉਹ ਟਰਾਂਜ਼ੀਸ਼ਨ ਦੇ ਖਰਚ ਲਈ ਸਰੀ (ਬਾਕੀ ਸਫ਼ਾ 10 'ਤੇ)


For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ? ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD CERTIFIED CLINICIAN
Gagan Chahal R.D. Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

ਇੰਸ਼ੋਰੈਂਸ ਦੇ ਮਾਹਰ
Aman INSURANCE
- ਲਾਇਫ ਇੰਸ਼ੋਰੈਂਸ
- ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

mortgages lab
ਕਿਸੇ ਵੀ ਤਰ੍ਹਾਂ ਦੀ ਮੋਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੋਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Get Preapproval in 2 Hours
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht (Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S T & A Simpson, Thomas and Associates
Get the legal support you need now.
Serving all of British Columbia
• Family Law
• Personal Injury
• Estate Litigation
• Employment Law
• Immigration Law
• Insurance Denials
We have translators fluent in Hindi and Punjabi.
Book your legal consultation
604 689 8888
simpsonthomas.com
Surrey Office
701 – 13761 96th Avenue
Surrey, BC V3V 0E8
Vancouver Office
501 – 808 Nelson Street
Vancouver, BC V6Z 2H2
Scan QR code to set up a legal consultation with us
Experienced lawyers for your legal needs.
@stalawyers
BBB ACCREDITED BUSINESS

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 11 ISSUE : 43 SATURDAY, 21 OCTOBER, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਪੰਜਾਬੀ ਗਾਇਕ ਸਿੱਪੀ ਗਿੱਲ ਅਤੇ ਸਾਥੀਆਂ ਖ਼ਿਲਾਫ਼ ਕੇਸ ਦਰਜ



ਮੁਹਾਲੀ-ਮੁਹਾਲੀ ਪੁਲੀਸ ਨੇ ਪੰਜਾਬੀ ਗਾਇਕ ਸੰਦੀਪ ਸਿੰਘ ਗਿੱਲ ਉਰਫ਼ ਸਿੱਪੀ ਗਿੱਲ ਅਤੇ ਉਸ ਦੇ ਸਾਥੀਆਂ ਖ਼ਿਲਾਫ਼ ਆਈਪੀਸੀ ਦੀ ਧਾਰਾ 323, 341, 148 ਅਤੇ ਅਸਲਾ ਐਕਟ ਤਹਿਤ ਅਪਰਾਧਿਕ ਕੇਸ ਦਰਜ ਕੀਤਾ ਹੈ। ਇਹ ਕਾਰਵਾਈ ਇੱਥੋਂ ਦੇ ਸੈਕਟਰ-85 ਦੇ ਵਸਨੀਕ ਅਤੇ ਪ੍ਰਾਪਰਟੀ ਡੀਲਰ ਕਮਲਜੀਤ ਸਿੰਘ ਸ਼ੇਰਗਿੱਲ ਦੀ ਸ਼ਿਕਾਇਤ ਨੂੰ ਆਧਾਰ ਬਣਾ ਕੇ ਕੀਤੀ ਗਈ ਹੈ। ਗਾਇਕ ਸਿੱਪੀ ਗਿੱਲ ਅਤੇ ਉਸ ਦੇ ਸਾਥੀਆਂ 'ਤੇ ਪਿਸਤੌਲ ਦਿਖਾ ਕੇ ਸ਼ਿਕਾਇਤਕਰਤਾ ਦੀ ਕੁੱਟਮਾਰ ਕਰਨ ਦਾ ਦੋਸ਼ ਹੈ। ਪੀੜਤ ਕਮਲਜੀਤ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਉਹ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਹੈ। ਬੀਤੇ ਦਿਨੀਂ ਉਹ ਹੋਮਲੈਂਡ ਕੌਫ਼ੀ ਸ਼ੌਪ 'ਚੋਂ ਨਿਕਲ ਕੇ ਆਪਣੀ ਗੱਡੀ ਵਿੱਚ ਬੈਠਣ ਲੱਗਾ ਤਾਂ ਹਨੀ ਖਾਨ ਅਤੇ ਸਨੀ ਸੇਖੋਂ ਨੇ ਉਸ ਨੂੰ ਪਿੱਛੋਂ ਆਵਾਜ਼ ਦੇ ਕੇ ਰੋਕ ਲਿਆ। ਇਸ ਦੌਰਾਨ ਉੱਥੇ ਪੰਜਾਬੀ ਗਾਇਕ ਸਿੱਪੀ ਗਿੱਲ ਵੀ ਆ ਗਿਆ। ਸ਼ਿਕਾਇਤਕਰਤਾ ਅਨੁਸਾਰ ਉਕਤ ਵਿਅਕਤੀਆਂ ਨੇ ਉਸ ਦੀ ਛਾਤੀ 'ਤੇ ਪਿਸਤੌਲ ਰੱਖ ਕੇ ਉਸ ਨੂੰ ਧਮਕਾਇਆ ਅਤੇ ਕੁੱਝ ਹੋਰ ਵਿਅਕਤੀਆਂ ਨੂੰ ਵੀ ਉੱਥੇ ਸੱਦ ਲਿਆ। ਮਗਰੋਂ ਇਨ੍ਹਾਂ ਸਾਰਿਆਂ ਨੇ ਉਸ ਦੀ ਕੁੱਟਮਾਰ ਕੀਤੀ। ਕਮਲਜੀਤ ਸ਼ੇਰਗਿੱਲ ਅਨੁਸਾਰ ਇਸ ਦੌਰਾਨ ਉਸ ਦਾ ਦੋਸਤ ਤਨਿਸ਼ਕ ਵੀ ਮੌਕੇ 'ਤੇ ਆ ਗਿਆ ਅਤੇ ਇਨ੍ਹਾਂ ਵਿਅਕਤੀਆਂ ਨੇ ਉਸ ਦੇ ਦੋਸਤ ਦੀ ਵੀ ਕੁੱਟਮਾਰ ਕੀਤੀ।

# ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ਵਿਚ ਕੁੰਵਰ ਵਿਜੈ ਪ੍ਰਤਾਪ ਨੇ ਸਿਟ ਦੀ ਕਾਰਗੁਜ਼ਾਰੀ 'ਤੇ ਚੁੱਕੇ ਸਵਾਲ

ਅੰਮ੍ਰਿਤਸਰ-'ਆਪ' ਦੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਅੱਜ ਮੁੜ ਦੋਸ਼ ਲਾਇਆ ਕਿ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਮੌਜੂਦਾ ਐੱਸਆਈਟੀ ਗਵਾਹਾਂ ਦੇ ਬਿਆਨ ਦੁਬਾਰਾ ਲੈ ਰਹੀ ਹੈ ਅਤੇ ਇਸ ਨਾਲ ਮੁਲਜ਼ਮਾਂ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਉਨ੍ਹਾਂ ਨੂੰ ਵਿਰੋਧ ਕਰਨ ਲਈ ਮਜਬੂਰ ਕੀਤਾ ਗਿਆ ਹੈ। ਉਨ੍ਹਾਂ ਆਪਣੇ ਸੋਸ਼ਲ ਮੀਡੀਆ ਖਾਤੇ 'ਤੇ ਇਸ ਸਬੰਧੀ ਇਕ ਪੋਸਟ ਵੀ ਪਾਈ ਹੈ ਜਿਸ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਇੱਕ ਪੁਰਾਣੀ ਵੀਡੀਓ ਵੀ ਅਪਲੋਡ ਕੀਤੀ ਗਈ ਹੈ। ਵਿਧਾਇਕ ਨੇ ਮੁੱਖ ਮੰਤਰੀ ਦਾ ਨਾਂ ਲਏ ਬਿਨਾ ਉਨ੍ਹਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ "ਹੁਣ ਇਹ ਤੁਹਾਡੀ ਐੱਸਆਈਟੀ ਹੈ ਅਤੇ ਤੁਸੀਂ ਗ੍ਰਹਿ ਮੰਤਰੀ ਹੋ। ਐੱਸਆਈਟੀ ਗਵਾਹਾਂ ਨੂੰ ਮੁਕਰਨ ਲਈ ਮਜਬੂਰ ਕਰ ਰਹੀ ਹੈ ਅਤੇ ਉਨ੍ਹਾਂ ਦੇ ਬਿਆਨ ਦੁਬਾਰਾ ਦਰਜ ਕੀਤੇ ਜਾ ਰਹੇ ਹਨ ਜਿਸ ਨਾਲ ਮੁਲਜ਼ਮਾਂ ਨੂੰ ਲਾਭ ਪਹੁੰਚਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਉਨ੍ਹਾਂ ਭਗਵੰਤ ਮਾਨ ਦੀ ਪੁਰਾਣੀ ਵੀਡੀਓ ਵੀ ਅਪਲੋਡ ਕੀਤੀ ਜਿਸ ਵਿੱਚ ਉਹ ਕਹਿ ਰਹੇ ਹਨ ਕਿ ਉਹ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਜਾਂਚ ਰਿਪੋਰਟ 'ਤੇ ਤੁਰੰਤ ਕਾਰਵਾਈ ਕਰਨਗੇ। ਵਿਧਾਇਕ ਨੇ ਪੋਸਟ ਹੁਣ ਉਸ ਵੇਲੇ ਅਪਲੋਡ ਕੀਤੀ ਹੈ ਜਦੋਂ ਬਹਿਬਲ ਕਲਾਂ ਗੋਲੀ ਕਾਂਡ ਦੇ ਪੀੜਤ ਦੇ ਪਰਿਵਾਰਕ ਮੈਂਬਰ ਕੁੰਵਰ ਵਿਜੈ ਪ੍ਰਤਾਪ ਸਿੰਘ 'ਤੇ ਕੇਸ ਦੀ ਜਾਂਚ ਦੌਰਾਨ ਕਥਿਤ ਫਰਜ਼ੀ ਗਵਾਹ ਪੇਸ਼ ਕਰਨ ਦਾ ਦੋਸ਼ ਲਾਉਂਦਿਆਂ ਅਦਾਲਤ ਵਿੱਚ ਪਹੁੰਚ ਕੀਤੀ ਹੈ। ਅਦਾਲਤ ਨੇ ਨਵੀਂ ਐੱਸਆਈਟੀ ਨੂੰ ਉਸ ਦੇ ਦੋਸ਼ਾਂ 'ਤੇ ਵਿਚਾਰ ਕਰਨ ਲਈ ਕਿਹਾ ਹੈ।



## ਕੁੰਵਰ ਵਿਜੈ ਪ੍ਰਤਾਪ ਖ਼ਿਲਾਫ਼ ਹਾਈ ਕੋਰਟ ਵਿੱਚ ਸ਼ਿਕਾਇਤ

ਫਰੀਦਕੋਟ-ਬਹਿਬਲ ਗੋਲੀ ਕਾਂਡ ਦੇ ਮੁੱਖ ਸ਼ਿਕਾਇਤਕਰਤਾ ਸੁਖਰਾਜ ਸਿੰਘ ਨਿਆਮੀਵਾਲਾ ਨੇ ਅੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਨੂੰ ਲਿਖਤੀ ਸ਼ਿਕਾਇਤ ਕਰਕੇ ਇਲਜ਼ਾਮ ਲਾਏ ਹਨ ਕਿ ਜਾਂਚ ਟੀਮ ਦੇ ਸਾਬਕਾ ਅਧਿਕਾਰੀ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਸਾਜਿਸ਼ ਤਹਿਤ ਜਾਂਚ ਦੀ ਸੂਚਨਾ ਲੀਕ ਕਰਕੇ ਕੇਸ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਪਹਿਲਾਂ ਇਸ ਸ਼ਿਕਾਇਤਕਰਤਾ ਨੇ ਫਰੀਦਕੋਟ ਦੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਅਰਜ਼ੀ ਦਾਇਰ ਕਰਕੇ ਵੀ ਸਾਬਕਾ ਜਾਂਚ ਅਧਿਕਾਰੀ ਉੱਪਰ ਗੰਭੀਰ ਇਲਜ਼ਾਮ ਲਾਏ ਸਨ। ਸੁਖਰਾਜ ਸਿੰਘ ਨੇ ਨਿਆਮੀਵਾਲਾ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਬਹਿਬਲ ਗੋਲੀ ਕਾਂਡ ਦੀ ਪੜਤਾਲ ਦੌਰਾਨ ਕੁਝ ਗਵਾਹਾਂ ਨੂੰ ਜਾਣਬੁੱਝ ਕੇ ਮੁਲਜ਼ਮ ਬਣਾ ਲਿਆ ਅਤੇ ਇਸ ਕਾਂਡ ਦੇ ਇੱਕ ਮੁੱਖ ਮੁਲਜ਼ਮ ਨੂੰ ਵਾਅਦਾ ਮੁਆਫ਼ ਗਵਾਹ ਬਣਾ ਕੇ ਕੇਸ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ। ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਸਾਬਕਾ ਜਾਂਚ ਅਧਿਕਾਰੀ (ਬਾਕੀ ਸਫ਼ਾ 10 'ਤੇ)

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਵੱਲੋਂ ਸਲਾਨਾ ਪੰਜਾਬੀ ਸਾਹਿਤਿਕ ਕਾਨਫਰੰਸ 28, 29 ਅਕਤੂਬਰ ਨੂੰ

ਸਰੀ, 16 ਅਕਤੂਬਰ (ਹਰਦਮ ਮਾਨ)-ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ ਵੱਲੋਂ 23ਵੀਂ ਸਲਾਨਾ ਪੰਜਾਬੀ ਸਾਹਿਤਿਕ ਕਾਨਫਰੰਸ 28 ਅਤੇ 29 ਅਕਤੂਬਰ 2023 ਨੂੰ ਹੇਵਰਡ ਵਿਖੇ ਕਰਵਾਈ ਜਾ ਰਹੀ ਹੈ ਇਹ ਜਾਣਕਾਰੀ ਦਿੰਦਿਆਂ ਇਸ ਕਾਨਫਰੰਸ ਦੇ ਮੁੱਖ ਪ੍ਰਬੰਧਕ ਅਤੇ ਨਾਮਵਰ ਸ਼ਾਇਰ ਕੁਲਵਿੰਦਰ ਅਤੇ ਜਗਜੀਤ ਨੌਸ਼ਹਿਰਵੀ ਨੇ ਦੱਸਿਆ ਹੈ ਕਿ ਇਸ ਕਾਨਫਰੰਸ ਵਿੱਚ ਕੈਨੇਡਾ, ਅਮਰੀਕਾ, ਭਾਰਤ ਅਤੇ ਹੋਰ ਕਈ ਦੇਸ਼ਾਂ ਤੋਂ ਨਾਮਵਰ ਵਿਦਵਾਨ, ਕਹਾਣੀਕਾਰ, ਨਾਟਕਕਾਰ ਅਤੇ ਕਵੀ ਸ਼ਾਮਲ ਹੋਣਗੇ ਜਿਨ੍ਹਾਂ ਵਿਚ ਡਾ. ਵਰਿਆਮ ਸਿੰਘ ਸੰਧੂ, ਨਾਮਵਰ ਸ਼ਾਇਰ ਜਸਵਿੰਦਰ, ਡਾ. ਆਤਮ ਸਿੰਘ ਰੰਧਾਵਾ, ਨਾਮਵਰ ਸ਼ਾਇਰ ਦਰਸ਼ਨ ਬੁੱਟਰ, ਜਸਵੰਤ ਸਿੰਘ ਜ਼ਫ਼ਰ, ਡਾ. ਰਾਜੇਸ਼ ਸ਼ਰਮਾ, ਡਾ. ਸੁਹਿੰਦਰ ਵੀਰ, ਰਵਿੰਦਰ ਸਹਿਰਾਅ, ਡਾ. ਮੋਨੋਜੀਤ, ਕਹਾਣੀਕਾਰ ਅਜਮੇਰ ਸਿੱਧੂ, ਮੁੱਖ ਬੁਲਾਰੇ ਹੋਣਗੇ। ਇਸ ਮੌਕੇ ਕਰਵਾਏ ਜਾ ਰਹੇ ਕਵੀ ਦਰਬਾਰ ਵਿੱਚ ਕੈਨੇਡਾ ਤੋਂ ਪ੍ਰਸਿੱਧ ਸ਼ਾਇਰ ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਹਰਦਮ ਮਾਨ, ਭਾਰਤ ਤੋਂ ਸਤੀਸ਼ ਗੁਲਾਟੀ ਤੇ ਸੁਸ਼ੀਲ ਦੁਸਾਂਝ, ਅਮਰੀਕਾ ਤੋਂ ਮਨਜੀਤ ਕੌਰ ਗਿੱਲ, ਰਾਕਿੰਦ ਕੌਰ, ਸੁਰਿੰਦਰ ਸੋਹਲ ਤੇ ਹੋਰ ਬਹੁਤ ਸਾਰੇ ਕਵੀ ਆਪਣਾ ਕਲਾਮ ਪੇਸ਼ ਕਰਨਗੇ। ਕਾਨਫਰੰਸ ਵਿੱਚ ਡਾ. ਦੀਵਾਨ ਸਿੰਘ ਕਾਲੇਪਾਣੀ ਉੱਪਰ ਆਧਾਰਤ ਇੱਕ ਪਾਤਰੀ ਨਾਟਕ 'ਕਿਸ਼ਤੀਆਂ ਵਿੱਚ ਜਹਾਜ਼' ਦਾ ਪਾਠ ਡਾ. ਆਤਮਜੀਤ ਪੇਸ਼ ਕਰਨਗੇ, ਨਵੀਆਂ ਕਿਤਾਬਾਂ ਰਿਲੀਜ਼ ਕੀਤੀਆਂ ਜਾਣਗੀਆਂ ਅਤੇ ਲੇਖਕਾਂ ਦਾ ਮਾਨ ਸਨਮਾਨ ਕੀਤਾ ਜਾਵੇਗਾ। ਕਾਨਫਰੰਸ ਦੌਰਾਨ ਪ੍ਰਸਿੱਧ ਗਜ਼ਲ ਗਾਇਕ ਸੁਖਦੇਵ ਸਾਹਿਲ ਵੱਲੋਂ ਸੰਗੀਤਕ ਮਹਿਫਿਲ ਸਜਾਈ ਜਾਵੇਗੀ। ਇਸ ਕਾਨਫਰੰਸ ਵਿੱਚ ਸ਼ਾਮਿਲ ਹੋਣ ਲਈ ਸਮੂਹ ਪੰਜਾਬੀਆਂ ਨੂੰ ਤਹਿ ਦਿਲੋਂ ਸੱਦਾ ਦਿੱਤਾ ਗਿਆ ਹੈ। ਕਾਨਫਰੰਸ ਸੰਬੰਧੀ ਹੋਰ ਜਾਣਕਾਰੀ ਲਈ ਕੁਲਵਿੰਦਰ ਨਾਲ ਫੋਨ ਨੰਬਰ 510-367-2090 ਅਤੇ ਜਗਜੀਤ ਨੌਸ਼ਹਿਰਵੀ ਨਾਲ 510-676-1565 'ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਸਰੀ ਕੌਂਸਲ ਵਲੋਂ ਵੈਲ੍ਹੀ ਤੋਂ ਸਾਊਥ ਸਰੀ ਤਕ ਕਿੰਗ ਜਾਰਜ 'ਤੇ ਬੱਸ ਰੈਪਿਡ ਟਰਾਂਜ਼ਿਟ ਨੂੰ ਪ੍ਰਵਾਨਗੀ

ਸਰੀ-ਸਰੀ ਸਿਟੀ ਕੌਂਸਲ ਨੇ ਸਿਟੀ ਸੈਂਟਰ ਤੋਂ ਦੱਖਣੀ ਸਰੀ ਤਕ ਕਿੰਗ ਜੌਰਜ ਬੁਲੇਵਾਰਡ ਦੇ ਨਾਲ ਬੱਸ ਰੈਪਿਡ ਟਰਾਂਜ਼ਿਟ (ਬੀਆਰਟੀ) ਚਲਾਉਣ ਨੂੰ ਪ੍ਰਵਾਨਗੀ ਦਿੱਤੀ ਹੈ ਅਤੇ 16 ਅਕਤੂਬਰ ਨੂੰ ਇਸ ਨੇ ਸਿਟੀ ਸਟਾਫ ਨੂੰ ਇਸ ਦਾ ਡਿਜ਼ਾਈਨ ਅੱਗੇ ਵਧਾਉਣ ਲਈ ਟਰਾਂਸਲਿੰਕ ਨਾਲ ਕੰਮ ਕਰਨ ਦੀ ਹਦਾਇਤ ਕੀਤੀ ਹੈ। ਕੌਂਸਲ ਨੂੰ ਪੇਸ਼ ਕੀਤੀ ਕਾਰਪੋਰੇਟ ਰਿਪੋਰਟ ਵਿਚ ਜਨਰਲ ਮੈਨੇਜਰ ਇੰਜਨੀਅਰਿੰਗ ਸਕੌਟ ਨਿਊਮਾਨ ਨੇ ਕਿਹਾ ਕਿ ਉਸ ਰਿਪੋਰਟ ਦਾ ਉਦੇਸ਼ ਕੌਂਸਲ ਨੂੰ ਟਰਾਂਸਲਿੰਕ ਦੀ ਵਕਾਲਤ ਦਾ ਸਮਰਥਨ ਕਰਨ ਵਾਸਤੇ ਪਿਛੋਕੜ ਦੀ ਜਾਣਕਾਰੀ ਮੁਹੱਈਆ ਕਰਨਾ ਹੈ ਕਿ ਖੇਤਰ ਵਿਚ ਪਹਿਲੀ ਬੱਸ ਰੈਪਿਡ ਟਰਾਂਜ਼ਿਟ ਨੂੰ ਲਾਗੂ ਕਰਨ ਲਈ ਕਿੰਗ ਜੌਰਜ ਬੁਲੇਵਾਰਡ ਟਰਾਂਸਲਿੰਕ ਦੀ ਪ੍ਰਮੁੱਖ ਤਰਜੀਹ ਹੈ। ਕੌਂਸਲ ਨੇ ਨਿਊਮਨ ਦੀਆਂ ਸਿਫਾਰਸ਼ਾਂ ਦੇ ਹੱਕ ਵਿਚ ਵੋਟ ਦਿੱਤੀ ਹੈ। ਉਨ੍ਹਾਂ ਕਿਹਾ ਕਿ ਖੇਤਰ ਵਿਚ ਪਹਿਲੇ ਬੀਆਰਟੀ ਪ੍ਰਾਜੈਕਟ ਵਜੋਂ ਕੇਜੀਬੀ ਕੌਰੀਡੋਰ ਤਰਜੀਹ ਹੋਣੀ ਚਾਹੀਦੀ ਹੈ। ਕੇਜੀਬੀ 'ਤੇ ਬੀਆਰਟੀ ਤੁਰੰਤ ਲਾਭ ਮੁਹੱਈਆ ਕਰੇਗੀ ਜਿਸ ਵਿਚ ਟਰੈਫਿਕ ਦੀ ਭੀੜ ਵਿਚ ਕਮੀ ਅਤੇ ਟਰਾਂਜ਼ਿਟ ਰਾਈਡਰਸ਼ਿਪ ਵਿਚ ਵਾਧਾ ਸ਼ਾਮਿਲ ਹੈ ਜਿਸ ਨਾਲ ਇਹ ਤੇਜ਼ੀ ਨਾਲ ਲਾਗੂ ਕਰਨ ਵਾਸਤੇ ਸਭ ਤੋਂ ਅਨੁਕੂਲ ਵਿਕਲਪ ਹੈ।









# ਫਾਈਵ ਕੌਰਨਰਜ਼ ਅਗਜ਼ਨੀ ਮਾਮਲੇ ਵਿਚ ਸਜ਼ਾ ਲਈ ਸੁਣਵਾਈ 14 ਨਵੰਬਰ ਨੂੰ




ਸਰੀ-ਉਸ ਵਿਅਕਤੀ ਨੂੰ ਸਜ਼ਾ ਲਈ ਨਵੀਂ ਤਾਰੀਕ ਤਹਿ ਕੀਤੀ ਗਈ ਹੈ ਜਿਸ ਨੇ 2016 ਦੀ ਅੱਗ ਦੀ ਘਟਨਾ 'ਚ ਆਪਣਾ ਕਸੂਰ ਸਵੀਕਾਰ ਕਰ ਲਿਆ ਸੀ ਜਿਸ ਨਾਲ ਵਾਈਟ ਰੌਕ ਦੇ ਫਾਈਵ ਕੌਰਨਰਜ਼ ਨੇਬਰਹੁੱਡ ਨੂੰ ਲੱਖਾਂ ਡਾਲਰ ਦਾ ਨੁਕਸਾਨ ਹੋਇਆ ਸੀ। ਸਰੀ ਪ੍ਰੋਵਿੰਸ਼ੀਅਲ ਅਦਾਲਤ ਵਿਚ 24 ਸਾਲਾ ਜੇਮਸ ਐਡਰੀਅਨ ਡਾਇਰ ਨੂੰ ਸਜ਼ਾ ਸੁਣਾਉਣ ਲਈ 14 ਨਵੰਬਰ ਦੀ ਤਾਰੀਕ ਤੈਅ ਕੀਤੀ ਗਈ ਹੈ। 12 ਅਕਤੂਬਰ ਨੂੰ ਦੇਰੀ ਨਾਲ ਸਜ਼ਾ ਲਈ ਸੁਣਵਾਈ ਪਿੱਛੋਂ ਤਾਰੀਕ ਤੈਅ ਕੀਤੀ ਗਈ ਹੈ ਜਿਸ ਵਿਚ ਦੋਵਾਂ ਪੀੜਤ ਦਾ ਪ੍ਰਭਾਵਤ ਬਿਆਨ ਦਰਜ ਕੀਤਾ ਗਿਆ ਅਤੇ ਡਾਇਰ ਨੇ ਆਪਣਾ ਬਿਆਨ ਪੜ੍ਹਿਆ। ਇਕ ਸਾਂਝੀ ਬੇਨਤੀ ਵਿਚ ਕਰਾਊਨ ਅਤੇ ਰੱਖਿਆ ਪੱਖ ਦੇ ਵਕੀਲਾਂ ਨੇ 2 ਸਾਲ ਦੀ ਸ਼ਰਤੀਆ ਸਜ਼ਾ ਦੀ ਸਿਫਾਰਸ਼ ਕੀਤੀ ਹੈ ਜਿਸ ਵਿਚ ਪਹਿਲੇ 12 ਮਹੀਨੇ ਘਰ ਵਿਚ ਨਜ਼ਰਬੰਦੀ ਅਤੇ ਦੋ ਸਾਲ ਬਾਅਦ ਪ੍ਰੋਬੇਸ਼ਨ (ਨੇਕਚਲਣੀ) ਦਾ ਸਮਾਂ ਹੋਵੇਗਾ। ਘਟਨਾ ਤੋਂ 7 ਸਾਲ ਬਾਅਦ 2 ਜੂਨ ਨੂੰ ਡਾਇਰ ਨੇ ਅੱਗ ਨਾਲ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਅਤੇ ਆਬਾਦੀ ਵਾਲੀ ਜਾਇਦਾਦ ਨੂੰ ਅੱਗ ਲਗਾਉਣ ਨਾਲ ਸਬੰਧਤ ਤਿੰਨ ਦੋਸ਼ਾਂ ਵਿਚ ਆਪਣਾ ਕਸੂਰ ਮੰਨ ਲਿਆ ਸੀ। ਸਵੇਰ ਵੇਲੇ ਲਗਾਈ ਅੱਗ ਨਾਲ 100 ਵਿਅਕਤੀ ਬੇਘਰ ਹੋ ਗਏ ਸਨ।

# ਵੈਬ ਕਿਨਿਊ ਨੇ ਨਵੀਂ ਐਨਡੀਪੀ ਕੈਬਨਿਟ ਨਾਲ ਮਨੀਟੋਬਾ ਦੇ ਪ੍ਰੀਮੀਅਰ ਵਜੋਂ ਸਹੁੰ ਚੁੱਕੀ

ਵਿਨੀਪੈਗ-ਵੈਬ ਕਿਨਿਊ ਨੇ ਐਨਡੀਪੀ ਦੀ ਨਵੀਂ ਕੈਬਨਿਟ ਨਾਲ ਮਨੀਟੋਬਾ ਦੇ ਪ੍ਰੀਮੀਅਰ ਵਜੋਂ ਸਹੁੰ ਚੁੱਕੀ। ਕਿਨਿਊ ਨੇ ਅੰਗਰੇਜ਼ੀ, ਫਰੈਂਚ ਅਤੇ ਮਨੀਟੋਬਾ ਦੀਆਂ 7 ਮੂਲਵਾਸੀ ਨੇਸ਼ਨਜ਼ ਦੀਆਂ ਭਾਸ਼ਾਵਾਂ ਵਿਚ ਹਾਜ਼ਰੀਨ ਦਾ ਸਵਾਗਤ ਕਰਦਿਆਂ ਕਿਹਾ ਕਿ ਅੱਜ ਨਵਾਂ ਯੁੱਗ ਸ਼ੁਰੂ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਵੋਟਰਾਂ ਨੇ ਪਰਿਵਾਰਾਂ ਲਈ ਸਿਹਤ ਦੀ ਦੇਖਭਾਲ ਅਤੇ ਘੱਟ ਲਾਗਤਾਂ ਬਾਰੇ ਉਸ ਦੀ ਯੋਜਨਾ ਦਾ ਸਮਰਥਨ ਕੀਤਾ ਹੈ। ਇਸ ਤੋਂ ਵੀ ਅੱਗੇ ਮਨੀਟੋਬਾ ਵਾਸੀਆਂ ਨੇ ਏਕਤਾ ਦੇ ਸੰਦੇਸ਼ ਨੂੰ ਗਲੇ ਲਗਾਇਆ ਅਤੇ ਵੰਡ ਨੂੰ ਰੱਦ ਕੀਤਾ ਹੈ। ਇਸ ਸਹੁੰ ਚੁੱਕ ਸਮਾਰੋਹ ਨੇ ਮਨੀਟੋਬਾ ਵਿਚ ਨੌਜਵਾਨ ਲੋਕਾਂ ਨੂੰ ਜੋ ਸੰਦੇਸ਼ ਭੇਜਿਆ ਹੈ ਉਸ 'ਤੇ ਮੈਨੂੰ ਮਾਣ ਹੈ। ਇਸ ਸੂਬੇ ਦੇ ਲੋਕ ਇਹ ਐਲਾਨ ਕਰਨ ਲਈ ਇਕੱਤਰ ਹੋਏ ਹਨ ਕਿ ਅਸੀਂ ਸਾਰੇ ਇਕ ਹਾਂ। ਕਿਨਿਊ ਜਿਨ੍ਹਾਂ ਨੇ ਤਿੰਨ ਅਕਤੂਬਰ ਦੀਆਂ ਚੋਣਾਂ ਵਿਚ ਸੂਬੇ ਵਿਚ ਨਿਊ ਡੈਮੋਕਰੈਟਿਕ ਪਾਰਟੀ ਦੀ ਅਗਵਾਈ ਕੀਤੀ ਨੇ ਓਜ਼ੋਮਾ ਅਸਗਵਾਰਾ ਨੂੰ ਸਿਹਤ ਮੰਤਰੀ ਅਤੇ ਡਿਪਟੀ ਪ੍ਰੀਮੀਅਰ ਬਣਾਇਆ ਹੈ ਜਿਸ ਨਾਲ ਉਹ ਨਵੇਂ ਮੰਤਰੀ ਮੰਡਲ ਵਿਚ ਪਹਿਲੇ ਕਾਲੇ ਅਤੇ ਗੈਰ-ਬਾਈਨਰੀ ਵਿਅਕਤੀ ਹਨ ਜਿਨ੍ਹਾਂ ਨੇ ਸੂਬੇ ਸਰਕਾਰ ਵਿਚ ਦੋ ਨੰਬਰ ਸਥਾਨ ਹਾਸਲ ਕੀਤਾ ਹੈ। ਕਿਨਿਊ ਨੇ ਫਸਟ ਨੇਸ਼ਨ ਦੀਆਂ ਔਰਤਾਂ ਨੂੰ ਕੈਬਨਿਟ ਵਿਚ ਨਿਯੁਕਤ ਕੀਤਾ ਹੈ। ਅਜਿਹਾ ਮਨੀਟੋਬਾ ਵਿਚ ਪਹਿਲੀ ਵਾਰ ਹੋ ਰਿਹਾ ਹੈ। ਮਨੀਟੋਬਾ ਦੇ ਪ੍ਰੀਮੀਅਰ ਨੇ ਚੋਣ ਪ੍ਰਚਾਰ ਦੌਰਾਨ ਆਪਣੇ ਅਨੀਸ਼ੀਨਾਬੇ ਵਾਲੀ ਪਿਠਭੂਮੀ 'ਤੇ ਜ਼ੋਰ ਨਹੀਂ ਦਿੱਤਾ ਪਰ ਅਸਨੀਬੋਇਨ ਪਾਰਕ 'ਚ ਦੀ ਲੀਫ ਵਿਖੇ ਲਗਪਗ ਢਾਈ ਘੰਟੇ ਚੱਲੇ ਸਹੁੰ ਚੁੱਕ ਸਮਾਰੋਹ ਵਿਚ ਫਸਟ ਨੇਸ਼ਨਜ਼, ਮੈਟਿਸ ਅਤੇ ਇਨੂਇਟ ਸੱਭਿਆਚਾਰ ਦਾ ਹਰੇਕ ਤੱਤ ਹਾਵੀ ਰਿਹਾ। ਕਿਨਿਊ ਨੇ ਕਿਹਾ ਕਿ ਅਸੀਂ ਸਾਰੇ ਇਕ ਹਾਂ। ਸਾਡੇ ਸਾਰਿਆਂ ਕੋਲ ਇਸ ਗੱਲ ਦਾ ਹੱਕ ਹੈ ਕਿ ਸਾਰਿਆਂ ਨਾਲ ਇਕੋ ਜਿਹਾ ਵਿਵਹਾਰ ਹੋਵੇ। ਮਨੀਟੋਬਾ ਵਿਚ ਉਹ ਸਾਰਿਆਂ ਦਾ ਨੇਤਾ ਬਣੇਗਾ। ਅੱਜ ਉਹ ਹੈੱਡਰਸ ਪਹਿਨ ਰਿਹਾ ਹੈ। ਕਲ੍ਹ ਨੂੰ ਉਹ ਮਨੀਟੋਬਾ ਲੈਜਿਸਲੇਚਰ ਵਿਚ ਕੈਬਨਿਟ ਮੀਟਿੰਗ ਦੀ ਪ੍ਰਧਾਨਗੀ ਕਰਨਗੇ।



# ਦੁਰਘਟਨਾ ਵਿਚ ਬੱਚਿਆਂ ਦੀ ਮਾਂ ਨੂੰ ਮਾਰਨ ਵਾਲੇ ਡਰਾਈਵਰ ਖਿਲਾਫ ਦੋਸ਼ ਆਇਦ

ਸਰੀ-15 ਦਸੰਬਰ 2020 ਨੂੰ ਪੈਦਲ ਯਾਤਰੀ ਨੂੰ ਜਾਨਲੇਵਾ ਟੱਕਰ ਮਾਰਨ ਦੇ ਸਬੰਧ ਵਿਚ 25 ਸਾਲਾ ਵਿਅਕਤੀ ਖਿਲਾਫ ਦੋਸ਼ ਲਗਾਏ ਗਏ ਹਨ। ਜੀਓ ਕੁਰੀਅਨ ਖਿਲਾਫ ਮੋਟਰ ਗੱਡੀ ਨੂੰ ਖਤਰਨਾਕ ਤਰੀਕੇ ਨਾਲ ਚਲਾਉਣ ਦਾ ਦੋਸ਼ ਲਗਾਇਆ ਗਿਆ ਹੈ ਜਿਸ ਨਾਲ ਪੈਦਲ ਯਾਤਰੀ ਦੀ ਮੌਤ ਹੋ ਗਈ। 15 ਦਸੰਬਰ ਨੂੰ ਨਿਊਟਨ ਵਿਚ 47 ਸਾਲਾ ਪਰਮਜੀਤ ਕੌਰ ਮਸੂਤਾ ਆਪਣੇ ਬੱਚਿਆਂ ਨਾਲ ਸਕੂਲ ਤੋਂ ਘਰ ਨੂੰ ਜਾ ਰਹੀ ਸੀ ਜਦੋਂ ਉਸ ਨੂੰ 144 ਸਟਰੀਟ ਅਤੇ 61 ਏ ਐਵੀਨਿਊ ਵਿਚਕਾਰ ਇਕ ਮੋਟਰ ਗੱਡੀ ਨੇ ਟੱਕਰ ਮਾਰ ਦਿੱਤੀ ਜਿਸ ਨਾਲ ਉਸ ਦੀ ਮੌਤ ਹੋ ਗਈ। ਉਸ ਦੇ ਪਤੀ ਮਕੈਨਿਕ ਦਲਜੀਤ ਸਿੰਘ ਮਸੂਤਾ ਨੇ ਡਰਾਈਵਰ ਡਲਿਵਰੀ ਸਰਵਿਸ ਡੋਮੀ ਲੌਜਿਸਟਿਕ ਲਿਮਟਿਡ, ਫੋਸ ਲੀਜ਼ਿੰਗ ਐਂਡ ਐਮਾਜ਼ੋਨ ਕੈਨੇਡਾ ਦੇ ਡਰਾਈਵਰ ਜੀਓ ਕੁਰੀਅਨ ਖਿਲਾਫ 7 ਮਾਰਚ 2022 ਨੂੰ ਬੀਸੀ ਦੀ ਸੁਪਰੀਮ ਕੋਰਟ ਵਿਚ ਮੁਕੱਦਮਾ ਦਾਇਰ ਕੀਤਾ ਸੀ। ਮੁਕੱਦਮੇ ਵਿਚ ਦਲਜੀਤ ਦੀਆਂ ਦੋ ਧੀਆਂ ਸੁਪਰੀਤ ਤੇ ਮਨਪ੍ਰੀਤ ਵੀ ਮੁਦਈ ਵਜੋਂ ਸੂਚੀਬੱਧ ਸਨ। ਕੁਰੀਅਨ ਦੀ ਅਦਾਲਤ ਵਿਚ ਪਹਿਲੀ ਪੇਸ਼ੀ 31 ਅਕਤੂਬਰ ਨੂੰ ਹੋਣੀ ਹੈ।

# ਲਿਬਰਲ ਐਮਪੀਜ਼ ਨੇ ਇਜ਼ਰਾਈਲ-ਹਮਾਸ ਯੁੱਧ ਵਿਚ ਜੰਗਬੰਦੀ ਦਾ ਦਿੱਤਾ ਸੱਦਾ

ਓਟਵਾ-ਲਿਬਰਲ ਸਰਕਾਰ ਦੇ ਐਮਪੀਜ਼ ਨੇ ਇਜ਼ਰਾਈਲ ਅਤੇ ਹਮਾਸ ਵਿਚਕਾਰ ਚੱਲ ਰਹੀ ਜੰਗ ਲਈ ਜੰਗਬੰਦੀ ਦਾ ਸੱਦਾ ਦਿੱਤਾ ਅਤੇ ਵਿਭਿੰਨਤਾ ਬਾਰੇ ਮੰਤਰੀ ਦੇ ਸੰਸਦੀ ਸਕੱਤਰ ਸਮੀਰ ਜ਼ੁਬੇਰੀ ਨੇ ਗਜ਼ਾ ਪੱਟੀ ਵਿਚ ਚਲ ਰਹੇ ਕਸਾਈਪੁਣੇ ਦੀ ਨਿੰਦਾ ਕੀਤੀ ਹੈ। ਜ਼ੁਬੇਰੀ ਜਦੋਂ ਓਟਵਾ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ ਤਾਂ ਉਨ੍ਹਾਂ ਦਾ ਭਾਵੁਕਤਾ ਨਾਲ ਗਲਾ ਭਰ ਗਿਆ ਅਤੇ ਕਿਹਾ ਕਿ ਕੈਨੇਡੀਅਨਾਂ ਨੂੰ ਇਸ ਗੱਲ 'ਤੇ ਝਾਤ ਮਾਰਨ ਦੀ ਲੋੜ ਹੈ ਕਿ ਗਜ਼ਾ ਵਿਚ ਕਿੰਨੇ ਲੋਕ ਮਾਰੇ ਗਏ ਹਨ। ਜਿਸ ਦਿਨ ਤੋਂ ਗਜ਼ਾ 'ਤੇ ਕੰਟਰੋਲ ਕਰ ਰਹੇ ਅੱਤਵਾਦੀ ਸੰਗਠਨ ਹਮਾਸ ਨੇ ਹਮਲਾ ਕੀਤਾ ਉਸ ਦਿਨ ਤੋਂ ਫਲਸਤੀਨ ਇਨਕਲੇਵ ਦੀ ਘੇਰਾਬੰਦੀ ਕੀਤੀ ਹੋਈ ਹੈ। ਇਜ਼ਰਾਈਲ ਸਰਕਾਰ ਦਾ ਕਹਿਣਾ ਕਿ ਹਮਲਿਆਂ ਦੇ ਸਿੱਟੇ ਵਜੋਂ 1400 ਵਿਅਕਤੀਆਂ ਦੀ ਮੌਤ ਹੋ ਗਈ ਹੈ। ਦੂਸਰੇ ਪਾਸੇ ਫਲਸਤੀਨੀ ਅਧਿਕਾਰੀਆਂ ਦਾ ਕਹਿਣਾ ਕਿ ਗਜ਼ਾ ਵਿਚ ਇਜ਼ਰਾਈਲ ਦੇ ਜਵਾਬੀ ਹਵਾਈ ਹਮਲਿਆਂ ਵਿਚ ਲਗਪਗ 3500 ਵਿਅਕਤੀਆਂ ਦੀ ਮੌਤ ਹੋ ਗਈ ਹੈ। ਜ਼ੁਬੇਰੀ ਨੇ ਕਿਹਾ ਕਿ ਇਜ਼ਰਾਈਲ ਗਜ਼ਾ 'ਤੇ ਲਗਾਤਾਰ ਬੰਬਾਰੀ ਕਰ ਰਿਹਾ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਹਮਾਸ ਨਾਲ ਜੰਗ ਦੌਰਾਨ ਬਾਇਡੇਨ ਵਲੋਂ ਇਜ਼ਰਾਈਲ ਦਾ ਸਮਰਥਨ

ਯੋਰੋਸ਼ਲਮ/ਵਾਸ਼ਿੰਗਟਨ-ਜੰਗ ਦੇ ਸਮੇਂ ਪਹਿਲੀ ਵਾਰ ਇਜ਼ਰਾਈਲ ਦੇ ਦੌਰੇ 'ਤੇ ਆਏ ਅਮਰੀਕੀ ਰਾਸ਼ਟਰਪਤੀ ਜੋਏ ਬਾਇਡੇਨ ਨੇ "ਅੱਤਵਾਦੀ ਸੰਗਠਨ ਹਮਾਸ ਨਾਲ ਭਿਆਨਕ ਲੜਾਈ ਵਿਚ ਇਜ਼ਰਾਈਲ ਸਰਕਾਰ ਦਾ ਸਮਰਥਨ ਕੀਤਾ ਹੈ ਪਰ ਇਹ ਗੱਲ ਅਜੇ ਸਪਸ਼ਟ ਨਹੀਂ ਕਿ ਬਾਇਡੇਨ ਦੀਆਂ ਗਜ਼ਾ ਵਿਚ ਮਾਨਵੀ ਸਹਾਇਤਾ ਦਾਖਲ ਹੋਣ ਨੂੰ ਯਕੀਨੀ ਬਣਾਉਣ ਦੀਆਂ ਕੋਸ਼ਿਸ਼ਾਂ ਸਫਲ ਹੋਣਗੀਆਂ ਜਾਂ ਨਹੀਂ। ਪਿਛਲੇ ਕੁਝ ਦਿਨਾਂ ਤੋਂ ਹਜ਼ਾਰਾਂ ਟਨ ਐਮਰਜੈਂਸੀ ਰਾਹਤ ਸਪਲਾਈ ਗਜ਼ਾ ਪੱਟੀ ਨਾਲ ਲਗਦੀ ਮਿਸਰ ਦੀ ਸਰਹੱਦ 'ਤੇ ਖੜੀ ਹੈ ਜਿਸ ਨੂੰ ਫਲਸਤੀਨੀ ਇਲਾਕੇ ਵਿਚ ਦਾਖਲ ਹੋਣ ਤੋਂ ਰੋਕਿਆ ਗਿਆ ਹੈ ਜਦਕਿ 23 ਲੱਖ ਗਜ਼ਾ ਦੇ ਲੋਕ ਭੋਜਨ, ਦਵਾਈਆਂ, ਪਾਣੀ ਤੇ ਬਾਲਣ ਦੀ ਗੰਭੀਰ ਘਾਟ ਨਾਲ ਜੂਝ ਰਹੇ ਹਨ। ਸੰਯੁਕਤ ਰਾਸ਼ਟਰ ਦਾ ਅਨੁਮਾਨ ਹੈ ਕਿ ਇਕ ਗਜ਼ਾ ਵਾਸੀ ਨੂੰ ਪ੍ਰਤੀ ਦਿਨ ਸਾਰੀ ਤਰ੍ਹਾਂ ਦੀ ਵਰਤੋਂ ਲਈ ਕੇਵਲ ਤਿੰਨ ਲਿਟਰ ਪਾਣੀ ਮਿਲਦਾ ਹੈ ਜਿਸ ਵਿਚ ਖਾਣਾ ਬਣਾਉਣ ਤੇ ਸਾਫ ਸਫਾਈ ਲਈ ਵਰਤਿਆ ਜਾਂਦਾ ਪਾਣੀ ਵੀ



ਸ਼ਾਮਿਲ ਹੈ ਪਰ ਇਹ ਪਾਣੀ ਵੀ ਅਕਸਰ ਗੰਦਾ ਹੁੰਦਾ ਹੈ ਜਿਸ ਨਾਲ ਬਿਮਾਰੀਆਂ ਫੈਲ ਸਕਦੀਆਂ ਹਨ। ਗਜ਼ਾ ਦੀ ਇਜ਼ਰਾਈਲ ਨੇ 7 ਅਕਤੂਬਰ ਤੋਂ ਘੇਰਾਬੰਦੀ ਕੀਤੀ ਹੋਈ ਹੈ ਜਦੋਂ ਹਮਾਸ ਨੇ ਦੱਖਣੀ ਇਜ਼ਰਗੀਲ ਦੇ ਕਸਬਿਆਂ 'ਤੇ ਪਿੰਡਾਂ 'ਤੇ ਰਾਕਟਾਂ ਨਾਲ ਹਮਲੇ ਕਰਕੇ 1400 ਤੋਂ ਵੀ ਵੱਧ ਲੋਕਾਂ ਨੂੰ ਮਾਰ ਦਿੱਤਾ ਸੀ। ਤੇਲ ਅਵੀਵ ਵਿਚ ਇਜ਼ਰਾਈਲ ਦੀ ਵਾਰ ਕੈਬਨਿਟ ਨਾਲ ਮੀਟਿੰਗ ਕਰਨ ਪਿੱਛੋਂ ਬਾਇਡੇਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਗਜ਼ਾ ਵਿਚ ਮਾਨਵੀ ਸਹਾਇਤਾ ਲਈ ਮਿਸਰ ਦੀ ਸਰਹੱਦ ਖੋਲ੍ਹਣ 'ਤੇ ਸਹਿਮਤ ਹੋਣ ਲਈ ਕਿਹਾ ਹੈ। ਉਨ੍ਹਾਂ ਇਜ਼ਰਾਈਲ ਦੀ ਸੈਨਿਕ ਸਹਾਇਤਾ ਦਾ ਵਾਅਦਾ ਕੀਤਾ ਅਤੇ ਸਰਕਾਰ ਦੇ ਇਸ ਦਾਅਵੇ ਨੂੰ ਆਪਣਾ ਸਮਰਥਨ ਦਿੱਤਾ ਕਿ ਗਜ਼ਾ ਦੇ ਹਸਪਤਾਲ ਵਿਚ ਧਮਾਕੇ ਨਾਲ ਮਰੇ ਸੈਂਕੜੇ ਲੋਕਾਂ ਲਈ ਗਜ਼ਾ ਦਾ ਅੱਤਵਾਦੀ ਸੰਗਠਨ ਜ਼ਿੰਮੇਵਾਰ ਹੈ। ਵੈਸਟ ਬੈਂਕ ਵਿਚ ਹਮਾਸ ਦੇ ਇਕ ਰਾਜਸੀ ਨੇਤਾ ਨੇ ਕਿਹਾ ਕਿ ਉਸ ਦਾ ਮੰਨਣਾ ਕਿ ਜੇਕਰ ਇਜ਼ਰਾਈਲ ਜੰਗਬੰਦੀ ਲਈ ਸਹਿਮਤ ਹੁੰਦਾ ਹੈ ਤਾਂ ਕੁਝ ਬੰਧਕਾਂ ਨੂੰ ਰਿਹਾਅ ਕੀਤਾ ਜਾ ਸਕਦਾ ਹੈ।

## 2006 'ਚ ਆਪਣੀ ਗਰਭਵਤੀ ਪਤਨੀ ਦਾ ਕਤਲ ਕਰਨ ਵਾਲੇ ਵਿਅਕਤੀ ਨੂੰ ਮਿਲੀ ਮੁਕੰਮਲ ਪੈਰੋਲ

ਵੈਨਕੂਵਰ-ਬ੍ਰਿਟਿਸ਼ ਕੋਲੰਬੀਆ ਦੇ ਇਕ ਵਿਅਕਤੀ ਜਿਸ ਨੇ 2006 ਵਿਚ ਆਪਣੀ ਗਰਭਵਤੀ ਪਤਨੀ ਨੂੰ ਮਾਰ ਕੇ ਅੱਗ ਲਗਾ ਦਿੱਤੀ ਸੀ ਨੂੰ ਮੁਕੰਮਲ ਪੈਰੋਲ ਦਿੱਤੀ ਗਈ ਹੈ। 51 ਸਾਲਾ ਮੁਖਤਿਆਰ ਸਿੰਘ ਪੰਘਾਲੀ ਨੂੰ ਮਨਜੀਤ ਪੰਘਾਲੀ ਦੀ ਮੌਤ ਲਈ ਸੈਕਿੰਡ ਡਿਗਰੀ ਕਤਲ ਵਿਚ 2011 ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਪਤਨੀ ਨੂੰ ਗਲਾ ਘੁੱਟ ਕੇ ਮਾਰਨ ਅਤੇ ਚਾਰ ਸਾਲਾ ਧੀ ਨੂੰ ਘਰ ਵਿਚ ਇਕੱਲੀ ਛੱਡਣ ਤਾਂ ਜੋ ਉਹ ਲਾਸ਼ ਦਾ ਨਿਪਟਾਰਾ ਕਰ ਸਕੇ ਤੋਂ ਕੁਝ ਦਿਨ ਪਿੱਛੋਂ ਪੰਘਾਲੀ ਨੇ ਆਪਣੀ ਲਾਪਤਾ ਪਤਨੀ ਨੂੰ ਲੱਭਣ ਲਈ ਮੀਡੀਆ ਸਾਹਮਣੇ ਹੰਝੂਆਂ ਭਰੀ ਅਪੀਲ ਕੀਤੀ ਸੀ। ਅਸਲ ਵਿਚ ਉਸ ਨੇ ਕਤਲ ਤੋਂ ਇਨਕਾਰ ਕੀਤਾ ਸੀ ਅਤੇ ਆਪਣੀ ਸਜ਼ਾ ਵਿਰੁੱਧ ਅਪੀਲ ਵੀ ਕੀਤੀ ਪਰ ਪੈਰੋਲ ਬੋਰਡ ਆਫ ਕੈਨੇਡਾ ਦੇ ਫ਼ੈਸਲੇ ਵਿਚ ਕਿਹਾ ਗਿਆ ਕਿ ਪੰਘਾਲੀ ਨੇ ਮੰਨਿਆਂ ਕਿ ਉਹ ਆਪਣੀ ਪਤਨੀ ਨੂੰ ਮਾਰਨਾ ਚਾਹੁੰਦਾ ਸੀ ਅਤੇ ਇਥੋਂ ਤਕ ਪਹਿਲਾਂ ਉਸ ਨੂੰ ਕਤਲ ਕਰਨ ਦੀ ਯੋਜਨਾ ਬਣਾਈ ਸੀ। ਫ਼ੈਸਲੇ ਵਿਚ ਦੱਸਿਆ ਗਿਆ ਕਿ ਉਹ ਜੁਲਾਈ 2022 ਤੋਂ ਪੈਰੋਲ 'ਤੇ ਹੈ ਅਤੇ ਇਕ ਬੇਨਾਮ ਕੰਪਨੀ ਵਿਚ ਫੁੱਲ ਟਾਈਮ ਨੌਕਰੀ ਕਰਦਾ ਹੈ ਅਤੇ ਹਾਲ ਹੀ ਵਿਚ ਉਸ ਦੀ ਪੈਰੋਲ ਵਧਾਈ ਗਈ ਹੈ। ਪੰਘਾਲੀ 'ਤੇ ਬਹੁਤ ਸਾਰੀਆਂ ਸ਼ਰਤਾਂ ਲਗਾਈਆਂ ਗਈਆਂ ਹਨ।

# ਮੁੱਖ ਮੰਤਰੀ ਵੱਲੋਂ ਦਰਬਾਰ ਸਾਹਿਬ ਵਿਚ ਬੱਚਿਆਂ ਨਾਲ ਨਸ਼ਾ ਮੁਕਤੀ ਲਈ ਅਰਦਾਸ

ਅੰਮ੍ਰਿਤਸਰ-ਪੰਜਾਬ ਸਰਕਾਰ ਦੀ ਨਸ਼ਾ ਮੁਕਤੀ ਮੁਹਿੰਮ ਤਹਿਤ ਅੱਅੰਮ੍ਰਿਤਸਰ ਪੁਲੀਸ ਕਮਿਸ਼ਨਰੇਟ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ 'ਦਿ ਹੋਪ ਇਨੀਸ਼ੀਏਟਿਵ' ਵਿੱਚ ਸ਼ਾਮਲ ਹੁੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਸਕੂਲੀ ਬੱਚਿਆਂ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੰਜਾਬ ਵਿਚ ਨਸ਼ਾ ਮੁਕਤੀ ਲਈ ਅਰਦਾਸ ਕੀਤੀ। ਵਿਦਿਆਰਥੀ ਪੀਲੀਆਂ ਦਸਤਾਰਾਂ, ਪੀਲੇ ਪਟਕੇ ਸਜਾ ਕੇ ਅਤੇ ਵਿਦਿਆਰਥਣਾਂ ਪੀਲੇ ਦੁਪੱਟਿਆਂ ਲੈ ਕੇ ਅਰਦਾਸ ਵਿੱਚ ਹਾਜ਼ਰ ਹੋਈਆਂ। ਸ੍ਰੀ ਹਰਿਮੰਦਰ ਸਾਹਿਬ ਸਮੂਹ ਦੀ ਪਰਿਕਰਮਾ ਅਤੇ ਪਲਾਜ਼ਾ ਵਿੱਚ ਦੂਰ-ਦੂਰ ਤੱਕ ਪੀਲੀਆਂ ਦਸਤਾਰਾਂ ਅਤੇ ਪਟਕੇ ਹੀ ਦਿਖਾਈ ਦੇ ਰਹੇ ਸਨ। ਸ੍ਰੀ ਅਕਾਲ ਤਖ਼ਤ ਸਾਹਮਣੇ ਗ੍ਰੰਥੀ ਭਾਈ ਬਲਜੀਤ ਸਿੰਘ ਨੇ ਅਰਦਾਸ ਕੀਤੀ। ਸੂਚਨਾ ਕੇਂਦਰ ਦੇ ਬਾਹਰ ਸਕੂਲੀ ਬੱਚਿਆਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਫ਼ਲਤਾ ਦਾ ਇੱਕੋ-ਇੱਕ ਰਾਹ ਸਖ਼ਤ ਮਿਹਨਤ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਸਖ਼ਤ ਮਿਹਨਤ ਕਰਕੇ ਚੰਗੇ ਅੰਕ ਹਾਸਲ ਕਰਨ ਅਤੇ ਮੈਰਿਟ ਦੇ ਆਧਾਰ 'ਤੇ ਚੰਗੀਆਂ ਨੌਕਰੀਆਂ ਉਨ੍ਹਾਂ ਨੂੰ ਉਡੀਕ ਰਹੀਆਂ ਹਨ। ਭਗਵੰਤ





ਮਾਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਮੁਕਤ ਅਤੇ ਰੰਗਲਾ ਪੰਜਾਬ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਜਿੱਥੇ ਨਸ਼ਿਆਂ ਦੇ ਖ਼ਾਤਮੇ ਲਈ ਉਪਰਾਲੇ ਕੀਤੇ ਜਾ ਰਹੇ ਹਨ, ਉੱਥੇ ਨਸ਼ਿਆਂ ਦੇ ਆਦੀ ਮਰੀਜ਼ਾਂ ਦੇ ਮੁੜ ਵਸੇਬੇ ਲਈ ਵੀ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵੱਲ ਜਾਣ ਤੋਂ ਰੋਕਣ ਲਈ ਖੇਡਾਂ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ, ਜਿਸ ਦਾ ਨਤੀਜਾ ਹੈ ਕਿ ਐਤਕੀਂ ਏਸ਼ਿਆਈ ਖੇਡਾਂ ਵਿੱਚ ਪੰਜਾਬ ਨੇ 19 ਤਗ਼ਮੇ ਜਿੱਤੇ ਹਨ। ਇਸੇ ਤਰ੍ਹਾਂ ਸਰਕਾਰੀ ਅਤੇ ਗ਼ੈਰ-ਸਰਕਾਰੀ ਖੇਤਰਾਂ ਵਿੱਚ ਵੀ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਤਾਂ ਕਿ ਉਹ ਨਸ਼ਿਆਂ ਤੋਂ ਬਚ ਸਕਣ। ਮੁੱਖ ਮੰਤਰੀ ਨੇ ਕਿਹਾ ਕਿ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਪਰ ਜੇਕਰ ਨੌਜਵਾਨਾਂ ਕੋਲ ਰੁਜ਼ਗਾਰ ਹੋਵੇਗਾ ਤਾਂ ਉਹ ਸਾਰਾ ਦਿਨ ਨੌਕਰੀ ਜਾਂ ਕੰਮ ਧੰਦੇ ਵਿੱਚ ਰੁੱਝੇ ਰਹਿਣਗੇ ਅਤੇ ਇਸ ਪਾਸੇ ਨਹੀਂ ਸੋਚ ਸਕਣਗੇ। ਉਨ੍ਹਾਂ ਇਸ ਮੌਕੇ ਉੱਘੇ ਕਵੀ ਸੁਰਜੀਤ ਪਾਤਰ ਦੀਆਂ ਕੁਝ ਸਤਰਾਂ ਵੀ ਬੋਲੀਆਂ। ਇਸ ਮੌਕੇ ਵਾਤਾਵਰਨ ਪ੍ਰੇਮੀ ਬਲਬੀਰ ਸਿੰਘ ਸੀਚੇਵਾਲ, ਡੀਜੀਪੀ ਗੌਰਵ ਯਾਦਵ, ਵੱਖ-ਵੱਖ ਵਿਭਾਗਾਂ ਦੇ ਮੰਤਰੀ, ਪੁਲੀਸ ਕਮਿਸ਼ਨਰ ਨੌਨਿਹਾਲ ਸਿੰਘ ਤੇ ਹੋਰ ਹਾਜ਼ਰ ਸਨ। ਇਸ ਮਗਰੋਂ ਗਾਂਧੀ ਸਟੇਡੀਅਮ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਗਲੀ ਕ੍ਰਿਕਟ ਲੀਗ ਦੀ ਸ਼ੁਰੂਆਤ ਕੀਤੀ, ਜਿਸ ਤਹਿਤ 15 ਹਜ਼ਾਰ ਬੱਚੇ ਅਤੇ ਨੌਜਵਾਨ ਤੇ ਹੋਰ ਕ੍ਰਿਕਟ ਮੈਚਾਂ ਵਿੱਚ ਹਿੱਸਾ ਲੈ ਰਹੇ ਹਨ। ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਪੁਲੀਸ ਕਮਿਸ਼ਨਰੇਟ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਵਾਸਤੇ 'ਦਿ ਹੋਪ' ਮੁਹਿੰਮ ਤਹਿਤ ਪਹਿਲਾਂ ਸ੍ਰੀ ਦਰਬਾਰ ਸਾਹਿਬ ਵਿਖੇ ਅਰਦਾਸ ਕੀਤੀ ਗਈ, ਜਿੱਥੇ ਵਿਦਿਆਰਥੀਆਂ ਨੇ ਨਸ਼ਾ ਨਾ ਕਰਨ ਦਾ ਹਲਫ਼ ਲਿਆ ਅਤੇ ਬਾਅਦ ਵਿੱਚ ਖੇਡਾਂ ਦੀ ਸ਼ੁਰੂਆਤ ਕੀਤੀ ਗਈ।






# ਪੰਜਾਬ ਭਾਜਪਾ ਨੇ ਐੱਸ ਵਾਈ ਐੱਲ ਨਹਿਰ ਖ਼ਿਲਾ.ਫ ਮਤਾ ਪਾਸ ਕੀਤਾ

ਚੰਡੀਗੜ੍ਹ-ਐੱਸਵਾਈਐੱਲ ਨਹਿਰ ਦੇ ਮਾਮਲੇ 'ਤੇ ਪੰਜਾਬ ਭਾਜਪਾ ਦੀ ਕੋਰ ਕਮੇਟੀ ਨੇ ਅੱਜ ਮਤਾ ਪਾਸ ਕੀਤਾ ਕਿ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ ਅਤੇ ਧਰਤੀ ਹੇਠਲੇ ਪਾਣੀ ਦੀ ਗੰਭੀਰ ਘਾਟ ਨਾਲ ਜੂਝ ਰਹੀ ਹੈ। ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਪ੍ਰਧਾਨਗੀ ਹੇਠ ਹੋਈ। ਮਤੇ ਰਾਹੀਂ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਦ੍ਰਿੜ ਸੰਕਲਪ ਲਿਆ ਗਿਆ। ਪੰਜਾਬ ਦੇ ਲੋਕਾਂ ਨੇ ਪੰਜਾਬ ਦੇ ਹਿੱਤਾਂ ਦੀ ਰਾਖੀ ਦੀ ਉਮੀਦ ਵਿੱਚ 'ਆਪ' ਨੂੰ ਭਾਰੀ ਚੋਣ ਫ਼ਤਵਾ ਦਿੱਤਾ ਹੈ ਪਰ ਇਸ ਦੀ ਬਜਾਏ ਵਿਸ਼ਵਾਸਘਾਤ ਕਰ ਰਹੀ ਹੈ। ਇਸ ਮਤੇ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਗਈ ਕਿ ਉਹ ਪੰਜਾਬ ਦੇ ਲੋਕਾਂ ਦੇ ਫ਼ਤਵੇ ਦਾ ਸਤਿਕਾਰ ਕਰਨ, ਪੰਜਾਬ ਦੇ ਖਾਸ ਕਰਕੇ ਕਿਸਾਨਾਂ ਦੇ ਅਹਿਮ ਹਿੱਤਾਂ ਦੀ ਰਾਖੀ ਕਰਨ ਜਾਂ ਅ ਸਤੀਫ਼ਾ ਦੇਣ।

# ਅਮਰੀਕਾ ਵਿਚ ਸਿੱਖ ਮੇਅਰ ਤੇ ਉਸ ਦੇ ਪਰਿਵਾਰ ਨੂੰ ਮਾਰਨ ਦੀ ਧਮਕੀ

ਨਿਊਯਾਰਕ-ਅਮਰੀਕਾ ਦੇ ਨਿਊਜਰਸੀ ਸੂਬੇ ਦੇ ਸ਼ਹਿਰ ਦੇ ਸਿੱਖ ਮੇਅਰ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਈਮੇਲ ਰਾਹੀਂ ਨਫ਼ਰਤ ਭਰੇ ਸੰਦੇਸ਼ ਮਿਲੇ ਹਨ, ਜਿਸ ਵਿੱਚ ਧਮਕੀ ਦਿੱਤੀ ਗਈ ਹੈ ਕਿ ਜੇ ਉਹ ਅਸਤੀਫ਼ਾ ਨਹੀਂ ਦਿੰਦੇ ਤਾਂ ਉਨ੍ਹਾਂ ਨੂੰ ਪਰਿਵਾਰ ਸਣੇ ਮਾਰ ਦਿੱਤਾ ਜਾਵੇਗਾ। ਰਵੀ ਭੱਲਾ, ਜੋ ਨਵੰਬਰ 2017 ਵਿੱਚ ਹੋਬੋਕੇਨ ਸਿਟੀ ਦੇ ਮੇਅਰ ਚੁਣੇ ਜਾਣ ਵਾਲੇ ਪਹਿਲੇ ਸਿੱਖ ਹਨ, ਨੇ ਅੱਜ ਸਾਲ ਤੋਂ ਵੱਧ ਸਮਾਂ ਪਹਿਲਾਂ ਭੇਜੇ ਗਏ ਪਹਿਲੇ ਸੰਦੇਸ਼ ਵਿੱਚ ਉਨ੍ਹਾਂ ਨੂੰ ਅਸਤੀਫਾ ਦੇਣ ਲਈ ਕਿਹਾ ਗਿਆ ਸੀ, ਜਦੋਂ ਕਿ ਦੂਜੇ ਉਸ ਦੀ ਜਾਨ ਨੂੰ ਖ਼ਤਰਾ ਪੈਦਾ ਕੀਤਾ ਸੀ। ਇਹ ਤੀਜੇ ਸੰਦੇਸ਼ ਨੇ ਸ੍ਰੀ ਭੱਲਾ ਤੇ ਪਰਿਵਾਰ ਨੂੰ ਖ਼ੌਫ਼ਜ਼ਦਾ ਕਰ ਦਿੱਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਇਹ ਉਨ੍ਹਾਂ ਲਈ ਆਖਰੀ ਚਿਤਾਵਨੀ ਹੈ। ਜੇ ਤੁਰੰਤ ਅਸਤੀਫਾ ਨਹੀਂ ਦਿੱਤਾ ਤਾਂ ਮੇਅਰ ਤੇ ਉਸ ਦੀ ਪਤਨੀ ਤੇ ਬੱਚਿਆਂ ਨੂੰ ਕਤਲ ਕਰ ਦਿੱਤਾ ਜਾਵੇਗਾ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਸ੍ਰੀ ਭੱਲਾ ਦੇ ਦੋ ਬੱਚਿਆਂ, ਜਨ੍ਹਿਾਂ ਦੀ ਉਮਰ 15 ਅਤੇ 11 ਸਾਲ ਹੈ, ਨੂੰ 24 ਘੰਟੇ ਸੁਰੱਖਿਆ ਪ੍ਰਦਾਨ ਕੀਤੀ ਹੈ।

# ਅਕਾਲੀ ਦਲ ਨੇ ਸੰਦੀਪ ਪਾਠਕ ਦੇ ਸਟੈਂਡ ਬਾਰੇ ਸਪਸ਼ਟੀਕਰਨ ਮੰਗਿਆ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਐਸਵਾਈਐਲ ਦੇ ਮੁੱਦੇ 'ਤੇ ਪੰਜਾਬ ਤੋਂ 'ਆਪ' ਦੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਦੇ ਸਟੈਂਡ ਸਬੰਧੀ ਸਪੱਸ਼ਟੀਕਰਨ ਮੰਗਿਆ ਹੈ। ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ 1 ਨਵੰਬਰ ਨੂੰ ਐੱਸਵਾਈਐਲ ਨਹਿਰ ਦੇ ਮਾਮਲੇ 'ਤੇ ਬਹਿਸ ਕਰਨਾ ਚਾਹੁੰਦੇ ਹਨ ਪਰ ਉਨ੍ਹਾਂ ਦੀ ਆਪਣੀ ਸਰਕਾਰ ਨੇ ਸੁਪਰੀਮ ਕੋਰਟ ਵਿਚ ਸੂਬੇ ਦੇ ਹਿੱਤਾਂ 'ਤੇ ਸਮਝੌਤਾ ਕਰ ਲਿਆ ਹੈ। ਹੁਣ ਸੰਦੀਪ ਪਾਠਕ ਹਰਿਆਣਾ ਦੀ ਵਕਾਲਤ ਕਰ ਰਹੇ ਹਨ ਤੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਸਹੀ ਠਹਿਰਾ ਕੇ ਦਾਅਵਾ ਕਰ ਰਹੇ ਹਨ ਕਿ ਇਹ ਸਿਰਫ ਸਿਆਸੀ ਮਸਲਾ ਹੈ।



# ਦਿੱਲੀ-ਕੱਟੜਾ ਐਕਸਪ੍ਰੈੱਸਵੇਅ ਪ੍ਰਾਜੈਕਟ ਜਲਦੀ ਦੇਸ਼ ਨੂੰ ਸਮਰਪਿਤ ਕਰਨ ਦੀ ਉਮੀਦ

ਅੰਮ੍ਰਿਤਸਰ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਉਮੀਦ ਜਤਾਈ ਕਿ ਦਿੱਲੀ-ਕੱਟੜਾ ਐਕਸਪ੍ਰੈੱਸਵੇਅ ਸੂਬੇ ਵਿੱਚ ਲਾਮਿਸਾਲ ਵਿਕਾਸ ਤੇ ਖ਼ੁਸ਼ਹਾਲੀ ਦੇ ਨਵੇਂ ਦੌਰ ਦੀ ਸ਼ੁਰੂਆਤ ਕਰੇਗਾ। ਕੇਂਦਰੀ ਮੰਤਰੀ ਨਿਤਿਨ ਗਡਕਰੀ ਦੀ ਹਾਜ਼ਰੀ ਵਿੱਚ ਇਸ ਪ੍ਰਾਜੈਕਟ ਦੀ ਸਮੀਖਿਆ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਅਹਿਮ ਪ੍ਰਾਜੈਕਟ ਦਾ ਕੰਮ ਜਲਦੀ ਮੁਕੰਮਲ ਹੋਵੇਗਾ ਅਤੇ ਇਹ ਛੇਤੀ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਪ੍ਰਾਜੈਕਟ ਨੂੰ ਜਲਦੀ ਪੂਰਾ ਕਰਨ ਲਈ ਪਹਿਲਾਂ ਹੀ ਕੌਮੀ ਸ਼ਾਹਰਾਹ ਅਥਾਰਟੀ (ਐਨ.ਐਚ.ਏ.ਆਈ.) ਦਾ ਪੂਰਾ ਸਹਿਯੋਗ ਤੇ ਤਾਲਮੇਲ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪ੍ਰਾਜੈਕਟ ਇਸ ਖਿੱਤੇ ਵਿੱਚ ਆਰਥਿਕ ਗਤੀਵਿਧੀ ਨੂੰ ਵੱਡਾ ਹੁਲਾਰਾ ਦੇਣ ਤੋਂ ਇਲਾਵਾ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਰਾਹ ਖੋਲ੍ਹੇਗਾ। ਮੁੱਖ ਮੰਤਰੀ ਨੇ ਉਮੀਦ ਜਤਾਈ ਕਿ ਇਹ ਪ੍ਰਾਜੈਕਟ ਸੂਬੇ ਵਿੱਚ ਵਪਾਰ ਤੇ ਵਣਜ ਨੂੰ ਹੁਲਾਰਾ ਦੇਵੇਗਾ, ਜਿਸ ਨਾਲ ਪੰਜਾਬ ਦੇਸ਼ ਭਰ ਵਿੱਚੋਂ ਮੋਹਰੀ ਸੂਬਾ ਬਣ ਕੇ ਉੱਭਰੇਗਾ। ਉਨ੍ਹਾਂ ਕਿਹਾ ਕਿ ਕੇਂਦਰੀ ਮੰਤਰੀ ਦੇ ਦਖ਼ਲ ਨਾਲ ਇਸ ਪ੍ਰਾਜੈਕਟ ਉਤੇ ਕੰਮ ਵਿੱਚ ਹੋਰ ਤੇਜ਼ੀ ਆਵੇਗੀ, ਜਿਸ ਨਾਲ ਪੰਜਾਬ ਦੇ ਅਰਥਚਾਰੇ ਨੂੰ ਗਤੀ ਮਿਲੇਗੀ। ਭਗਵੰਤ ਸਿੰਘ ਮਾਨ ਨੇ ਇਹ ਵੀ ਆਖਿਆ ਕਿ ਇਹ ਸ਼ਾਹਰਾਹ ਇਸ ਖਿੱਤੇ ਵਿੱਚ ਆਰਥਿਕ ਗਤੀਵਿਧੀ ਲਈ ਹੁਲਾਰੇ ਦੇ ਨਾਲ-ਨਾਲ ਅਕੀਦਤ ਭੇਟ ਕਰਨ ਲਈ ਮਾਤਾ ਵੈਸ਼ਨੋ ਦੇਵੀ ਧਾਮ ਜਾਣ ਵਾਲੇ ਸ਼ਰਧਾਲੂਆਂ ਨੂੰ ਵੀ ਸਹੂਲਤ ਪ੍ਰਦਾਨ ਕਰੇਗਾ। ਇਸ ਅਹਿਮ ਪ੍ਰਾਜੈਕਟ ਦੇ ਮੁਕੰਮਲ ਹੋਣ ਮਗਰੋਂ ਦਿੱਲੀ ਤੋਂ ਪੰਜਾਬ ਅਤੇ ਜੰਮੂ-ਕਸ਼ਮੀਰ ਜਾਣ ਵਾਲੇ ਖ਼ਾਸ ਤੌਰ ਉਤੇ ਮਾਤਾ ਵੈਸ਼ਨੋ ਦੇਵੀ ਧਾਮ ਜਾਣ ਵਾਲੇ ਯਾਤਰੂਆਂ ਦੇ ਸਮੇਂ ਤੇ ਪੈਸੇ ਦੀ ਬੱਚਤ ਹੋਵੇਗੀ। ਇਹ 254 ਕਿਲੋਮੀਟਰ ਲੰਮਾ ਸ਼ਾਹਰਾਹ 11,510 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਿਹਾ ਹੈ ਅਤੇ ਇਹ ਪੰਜਾਬ ਦੇ ਨੌਂ ਜ਼ਿਲ੍ਹਿਆਂ ਪਟਿਆਲਾ, ਸੰਗਰੂਰ, ਮਾਲੇਰਕੋਟਲਾ, ਲੁਧਿਆਣਾ, ਜਲੰਧਰ, ਕਪੂਰਥਲਾ, ਤਰਨ-ਤਾਰਨ, ਅੰਮ੍ਰਿਤਸਰ, ਅਤੇ ਗੁਰਦਾਸਪੁਰ ਵਿੱਚੋਂ ਲੰਘੇਗਾ।

# ਦਰਿਆਈ ਪਾਣੀਆਂ 'ਤੇ ਪੰਜਾਬ ਦਾ ਹੱਕ-ਧਾਮੀ

ਅੰਮ੍ਰਿਤਸਰ-ਐੱਸਵਾਈਐੱਲ ਦੇ ਮਾਮਲੇ 'ਤੇ ਪੰਜਾਬ ਦੇ ਹੱਕ 'ਚ ਗੱਲ ਕਰਦਿਆਂ ਅੱਜ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਵਿਸ਼ੇਸ਼ ਮਤਾ ਪਾਸ ਕਰਕੇ ਕਿਹਾ ਕਿ ਪੰਜਾਬ ਦੇ ਪਾਣੀਆਂ 'ਤੇ ਸਿਰਫ ਪੰਜਾਬ ਦਾ ਹੱਕ ਹੈ ਅਤੇ ਇਸ ਹੱਕ 'ਤੇ ਕਿਸੇ ਨੂੰ ਵੀ ਡਾਕਾ ਨਹੀਂ ਮਾਰਨ ਦਿੱਤਾ ਜਾਵੇਗਾ। ਅੰਤ੍ਰਿੰਗ ਕਮੇਟੀ ਨੇ ਏਸ਼ੀਅਨ ਖੇਡਾਂ ਵਿਚ ਭਾਰਤੀ ਹਾਕੀ ਟੀਮ ਦੇ ਸਾਬਤ ਸੂਰਤ ਗੁਰਸਿੱਖ ਖਿਡਾਰੀ ਜਰਮਨਪ੍ਰੀਤ ਸਿੰਘ ਨੂੰ 2 ਲੱਖ ਰੁਪਏ ਅਤੇ ਪੰਜਾਬ ਤੋਂ ਖੇਡਣ ਵਾਲੇ ਬਾਕੀ ਹਾਕੀ ਖਿਡਾਰੀਆਂ ਨੂੰ 50-50 ਹਜ਼ਾਰ ਰੁਪਏ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਧਾਮੀ ਨੇ ਦੱਸਿਆ ਕਿ ਪੰਜਾਬ ਦੇ ਪਾਣੀਆਂ ਦੇ ਮਸਲੇ 'ਤੇ ਕੋਈ ਵੀ ਜ਼ਬਰਦਸਤੀ ਸਹਿਣ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਅਦਾਲਤ ਵਿਚ ਸਹੀ ਪੱਖ ਨਾ ਰੱਖਣ ਕਰਕੇ ਹੀ ਅਜਿਹੀ ਸਥਿਤੀ ਬਣੀ ਹੈ। ਅੰਤ੍ਰਿੰਗ ਕਮੇਟੀ ਨੇ ਮਤਾ ਪਾਸ ਕਰਕੇ ਸਪੱਸ਼ਟ ਤੌਰ 'ਤੇ ਕਿਹਾ ਕਿ ਜੇਕਰ ਪਾਣੀਆਂ ਦੇ ਮਾਮਲੇ 'ਤੇ ਪੰਜਾਬ ਨਾਲ ਕੋਈ ਧੱਕਾ ਹੋਇਆ ਤਾਂ ਸ਼੍ਰੋਮਣੀ ਕਮੇਟੀ ਪੰਜਾਬ ਦੇ ਹੱਕ ਵਿਚ ਡੱਟ ਕੇ ਖੜ੍ਹੇਗੀ। ਇਸ ਮਾਮਲੇ ਵਿਚ ਜਿੱਥੇ ਵੀ ਲੋੜ ਪਵੇਗੀ, ਸਿੱਖ ਸੰਸਥਾ ਸਭ ਤੋਂ ਮੋਹਰੀ ਭੂਮਿਕਾ ਅਦਾ ਕਰੇਗੀ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਦੀ ਉਲੰਘਣਾ ਕਰਕੇ ਪੰਜਾਬ ਦੇ ਹਿੱਸੇ ਦਾ ਬਹੁਤਾ ਪਾਣੀ ਹਰਿਆਣਾ, ਰਾਜਸਥਾਨ ਅਤੇ ਦਿੱਲੀ ਆਦਿ ਨੂੰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਅਤੇ ਮਾਨਵੀ ਸਰੋਕਾਰਾਂ ਦੇ ਮੱਦੇਨਜ਼ਰ ਇਹ ਯਕੀਨੀ ਬਣਾਵੇ ਕਿ ਪੰਜਾਬ ਨਾਲ ਬੇਇਨਸਾਫ਼ੀ ਨਾ ਹੋਵੇ। ਅੰਤ੍ਰਿੰਗ ਕਮੇਟੀ ਨੇ ਹੋਰ ਖਿਡਾਰੀਆਂ ਤੋਂ ਇਲਾਵਾ ਰਾਈਫਲ ਸ਼ੂਟਰ ਸਿਫਤ ਕੌਰ ਨੂੰ ਵੀ 50 ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)
ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।
ਹੱਸਦੇ ਰਹੋ ਹਸਾਉਂਦੇ ਰਹੋ
A HISTORY OF THE SIKHS — KHUSHWANT SINGH
CONDITION OF The Sikhs in CANADA 1901-2001 — Gurcharan Singh
ਧੁੱਪਾਂ-ਛਾਂਵਾਂ — ਨਰਿੰਦਰ ਸਿੰਘ ਕਪੂਰ
ਅਣਗਾਹੇ ਰਾਹ — ਕੈਨੇਡਾ ਦੇ ਸਿੱਖਾਂ ਦਾ ਹਾਸ਼ੀਏ ਤੋਂ ਮੁੱਖ ਧਾਰਾ 'ਚ ਪ੍ਰਵੇਸ਼ ਹੋਣ ਦਾ ਸੰਘਰਸ਼ — ਗਿਆਨ ਸਿੰਘ ਸੰਧੂ
ਖਿੱਦੋ — ਜਸਬੀਰ ਭੁੱਲਰ
604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਮਾਨਵੀ ਸਮਾਜ ਲਈ ਕਲੰਕ ਹੈ ਨਸਲਪ੍ਰਸਤਾਂ ਦੀ ਜੰਗ...

## ਇਜ਼ਰਾਈਲ-ਹਮਾਸ ਹਮਲਿਆਂ ਵਿਚ ਮਾਰੇ ਜਾ ਰਹੇ ਅਣਭੋਲ ਲੋਕ

**ਸੁਖਵਿੰਦਰ ਸਿੰਘ ਚੋਹਲਾ**

ਰੂਸ ਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਦੀ ਤਬਾਹੀ ਦਾ ਮੰਜ਼ਰ ਦੁਨੀਆ ਦੇ ਸਾਹਮਣੇ ਹੈ ਕਿ ਇਜ਼ਰਾਈਲ ਤੇ ਫਲਸਤੀਨੀ ਹਮਾਸ ਵਿਚਾਲੇ ਛਿੜੀ ਜੰਗ ਨੇ ਦੁਨੀਆ ਦਾ ਤਰਾਹ ਕੱਢ ਦਿੱਤਾ ਹੈ। ਪਿਛਲੇ ਦਿਨੀਂ ਹਮਾਸ ਵਲੋਂ ਜਿਵੇਂ ਇਜ਼ਰਾਈਲ ਵਿਚ ਘੁਸਪੈਠ ਕਰਦਿਆਂ ਇਕ ਸਭਿਆਚਾਰਕ ਸਮਾਗਮ ਦੌਰਾਨ ਅਤਵਾਦੀ ਹਮਲਾ ਕੀਤਾ ਗਿਆ ਜਿਸ ਵਿਚ ਸੈਂਕੜੇ ਲੋਕਾਂ ਨੂੰ ਮਾਰ ਮੁਕਾਇਆ ਤੇ ਹਜਾਰਾਂ ਨੂੰ ਜ਼ਖਮੀ ਕਰ ਦਿੱਤਾ। ਕਈ ਪਰਿਵਾਰਾਂ ਨੂੰ ਬੰਦੀ ਬਣਾ ਲਿਆ ਤੇ ਉਹਨਾਂ ਦੇ ਸ਼ਨਾਖਤੀ ਪੱਤਰ ਵੇਖਣ ਉਪਰੰਤ ਕੇਵਲ ਯਹੂਦੀ ਹੋਣ ਕਾਰਣ ਮਾਰ ਮੁਕਾਇਆ। ਛੋਟੇ ਬੱਚਿਆਂ ਨੂੰ ਵੀ ਨਿਸ਼ਾਨਾ ਬਣਾਉਂਦਿਆਂ ਉਹਨਾਂ ਦੇ ਹੱਥ ਨਹੀ ਕੰਬੇ। ਬਦਲੇ ਵਿਚ ਇਜ਼ਰਾਈਲੀ ਹਵਾਈ ਸੈਨਾ ਦੇ ਹਮਲਿਆਂ ਵਿਚ ਹਜਾਰਾਂ ਲੋਕ ਮਾਰੇ ਜਾ ਚੁੱਕੇ ਹਨ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਦਾ ਬਿਆਨ ਹੈ ਕਿ ਹੁਣ ਉਹ ਹਮਾਸ ਦਾ ਪੂਰੀ ਤਰਾਂ ਸਫਾਇਆ ਕਰਕੇ ਹੀ ਦਮ ਲੈਣਗੇ।ਜਿਸਦਾ ਅਰਥ ਹੈ ਕਿ ਮਾਰੂ ਹਥਿਆਰਾਂ ਨਾਲ ਲੈਸ ਦੋਵਾਂ ਧਿਰਾਂ ਵਿਚਾਲੇ ਅਣਭੋਲ ਜਨਤਾ ਦਾ ਹੋਰ ਜਾਨੀ ਤੇ ਮਾਲੀ ਨੁਕਸਾਨ ਹੋਣ ਵਾਲਾ ਹੈ। ਉਧਰ ਅਮਰੀਕਾ ਨੇ ਇਜ਼ਰਾਈਲ ਦੀ ਮਦਦ ਲਈ ਆਪਣਾ ਜੰਗੀ ਬੇੜਾ ਵੀ ਗਾਜਾ ਪੱਟੀ ਦੇ ਸਮੁੰਦਰੀ ਪਾਣੀਆਂ ਵਿਚ ਭੇਜ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਵਲੋਂ ਹਮਾਸ ਦੇ ਹਮਲੇ ਨੂੰ ਨਾਜੀ ਸੈਨਾ ਦੁਆਰਾ ਯਹੂਦੀਆਂ ਦੇ ਕਤਲੇਆਮ ਦੀ ਯਾਦ ਨਾਲ ਜੋੜਿਆ ਗਿਆ ਹੈ। ਅਮਰੀਕਾ ਤੇ ਉਸਦੇ ਮਿੱਤਰ ਦੇਸ਼ ਜੇ ਹਮਾਸ ਨੂੰ ਅਤਵਾਦੀ ਜਥੇਬੰਦੀ ਅਤੇ ਉਸਦੀਆਂ ਕਾਰਵਾਈਆਂ ਨੂੰ ਦਹਿਸ਼ਦਗਰਦੀ ਨਾਲ ਜੋੜਦੇ ਹਨ ਤਾਂ ਹਮਾਸ ਦੇ ਹਮਦਰਦ ਖਾੜੀ ਅਤੇ ਮੁਸਲਿਮ ਮੁਲਕ ਇਸਨੂੰ ਇਜ਼ਰਾਈਲ ਵਲੋਂ ਫਲਸਤੀਨੀ ਲੋਕਾਂ ਉਪਰ ਤਸ਼ੱਦਦ ਅਤੇ ਜੁਲਮ ਦਾ ਮੋੜਵਾਂ ਪ੍ਰਤੀਕਰਮ ਦੱਸ ਰਹੇ ਹਨ। ਭਾਵੇਂਕਿ ਇਜ਼ਰਾਈਲ ਵਲੋਂ ਗਾਜਾ ਪੱਟੀ ਉਪਰ ਤਾਜਾ ਹਮਲਿਆਂ ਦੀ ਸ਼ੁਰੂਆਤ ਹਮਾਸ ਦੁਆਰਾ ਯਹੂਦੀ ਲੋਕਾਂ ਨੂੰ ਨਿਸ਼ਾਨਾ ਬਣਾਕੇ ਕੀਤਾ ਗਿਆ ਅਤਵਾਦੀ ਹਮਲਾ ਹੈ ਪਰ ਲੜਾਈ ਨੇ ਵਿਸ਼ਵ ਭਰ ਵਿਚ ਫਿਰਕੂ ਤੇ ਨਸਲੀ ਨਫਰਤ ਨੂੰ ਮੁੜ ਉਜਾਗਰ ਕਰ ਦਿੱਤਾ ਹੈ।



ਇਜ਼ਰਾਈਲ ਤੇ ਫਲਸਤੀਨ ਵਿਚਾਲੇ ਨਸਲੀ ਨਫਰਤ ਅਤੇ ਖੂਨੀ ਜੰਗ ਦਾ ਪਿਛੋਕੜ ਸਦੀਆਂ ਪੁਰਾਣਾ ਹੈ। ਹਜਾਰਾਂ ਸਾਲਾਂ ਦਾ ਇਤਿਹਾਸ ਦੱਸਦਾ ਹੈ ਕਿ ਕਿਵੇਂ ਯਹੂਦੀ ਲੋਕ ਯੋਰੋਸ਼ਲਮ ਤੋਂ ਉਜੜਕੇ ਦੁਨੀਆ ਦੇ ਵੱਖ -ਵੱਖ ਮੁਲਕਾਂ ਵਿਚ ਬਿਖਰ ਗਏ ਸਨ ਤੇ ਫਿਰ ਯਹੂਦੀ ਫਰਿਸ਼ਤੇ ਇਬਰਾਹਿਮ ਦੇ ਬੋਲਾਂ ਮੁਤਾਬਿਕ ਲਗਪਗ 3500 ਸਾਲ ਬਾਦ ਉਹਨਾਂ ਨੂੰ ਮੁੜ ਆਪਣੀ ਧਰਤੀ ਉਪਰ ਵਾਪਿਸ ਪਰਤਣ ਦਾ ਮੌਕਾ ਮਿਲਿਆ। ਇਹ ਬ੍ਰਿਟਿਸ਼ ਸਾਸ਼ਕ ਹੀ ਸਨ ਜਿਹਨਾਂ ਨੇ ਬਸਤੀਵਾਦੀ ਦੌਰ ਦੇ ਖਾਤਮੇ ਦੀ ਸ਼ੁਰੂਆਤ ਕਰਦਿਆਂ ਯਹੂਦੀਆਂ ਨੂੰ ਇਕ ਸਮਝੌਤੇ ਤਹਿਤ ਫਲਸਤੀਨ ਦੀ ਧਰਤੀ ਤੇ ਇਜ਼ਰਾਈਲ ਮੁਲਕ ਵਸਾਉਣ ਦਾ ਐਲਾਨ ਕੀਤਾ ਸੀ। ਇਕ ਮਿੱਥ ਤੇ ਸੰਸਕਾਰਾਂ ਨੂੰ ਪੁਗਾਉਂਦਿਆਂ ਜਦੋਂ ਵਿਸ਼ਵ ਭਰ ਚੋਂ ਯਹੂਦੀਆਂ ਨੇ ਇਜ਼ਰਾਈਲ ਵਿਚ ਇਕੱਤਰ ਹੋਣਾ ਸ਼ੁਰੂ ਕੀਤਾ ਤਾਂ ਉਹਨਾਂ ਨੂੰ ਖਾੜੀ ਮੁਲਕਾਂ ਦੇ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਯਹੂਦੀਆਂ ਨੂੰ ਇਜ਼ਰਾਈਲ ਦੀ ਸਥਾਪਨਾ ਲਈ ਗਵਾਂਢੀ ਮੁਲਕਾਂ ਮਿਸਰ,ਸੀਰੀਆ ਤੇ ਜੌਰਡਨ ਨਾਲ ਜੰਗ ਲੜਨੀ ਪਈ।

ਅਖੀਰ 14 ਮਈ 1948 ਨੂੰ ਇਜ਼ਰਾਈਲ ਇਕ ਮੁਲਕ ਵਜੋਂ ਹੋਂਦ ਵਿਚ ਆਇਆ। ਪਰ ਇਸ ਦੌਰਾਨ ਗਾਜਾ ਪੱਟੀ ਤੇ ਉਸ ਖਿੱਤੇ ਵਿਚ ਰਹਿਣ ਵਾਲੇ ਸੀਆ ਮੁਸਲਮਾਨਾਂ ਨੇ ਇਜ਼ਰਾਈਲ ਦੀ ਹੋਂਦ ਦਾ ਤਿੱਖਾ ਵਿਰੋਧ ਕੀਤਾ ਤੇ ਇਸ ਵਿਰੋਧ ਵਿਚੋਂ ਫਲਸਤੀਨੀ ਮੁਕਤੀ ਸੰਗਠਨ ਦਾ ਜਨਮ ਹੋਇਆ ਜਿਸਦੀ ਅਗਵਾਈ ਲੰਬਾ ਸਮਾਂ ਯਾਸਰ ਅਰਾਫਾਤ ਵਰਗੇ ਆਗੂ ਨੇ ਕੀਤੀ। ਯੂ ਐਨ ਓ ਤੇ ਅਮਰੀਕਾ ਦੇ ਦਖਲ ਨਾਲ ਆਖਰ ਇਜ਼ਰਾਈਲ ਤੇ ਪੀ ਐਲ ਓ ਵਿਚਾਲੇ 1993 ਵਿਚ ਇਕ ਸਮਝੌਤਾ ਸਿਰੇ ਚੜਿਆ ਜਿਸਨੂੰ ਓਸਲੋ ਸਮਝੌਤੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਸਮਝੌਤੇ ਤਹਿਤ ਪੀ ਐਲ ਓ ਨੇ ਇਜ਼ਰਾਈਲ ਦੀ ਹੋਂਦ ਨੂੰ ਸਵੀਕਾਰ ਕਰ ਲਿਆ ਤੇ ਇਜ਼ਰਾਈਲ ਨੇ ਗਾਜਾ ਪੱਟੀ ਵਿਚ ਫਲਸਤੀਨ ਨੈਸ਼ਨਲ ਅਥਾਰਟੀ ਨੂੰ। ਇਸ ਸਮਝੌਤੇ ਨਾਲ ਲੰਬੇ ਸਮੇਂ ਤੋ ਚਲਦੀ ਆ ਰਹੀ ਜੰਗ ਦੀ ਸਮਾਪਤੀ ਹੋਈ ਤੇ ਇਸਦੇ ਇਨਾਮ ਵਜੋਂ ਯਾਸਰ ਅਰਾਫਾਤ ਤੇ ਇਜਰਾਈਲ ਦੇ ਤਤਕਾਲੀ ਪ੍ਰਧਾਨ ਮੰਤਰੀ ਜਿਤਜੈਕ ਰੁਬੀਨ ਨੂੰ ਨੋਬਲ ਸ਼ਾਂਤੀ ਪੁਰਸਕਾਰ ਨਾਲ ਨਿਵਾਜਿਆ ਗਿਆ। ਇਜ਼ਰਾਈਲ ਤੇ ਫਲਸਤੀਨ ਵਿਚਾਲੇ ਭਾਵੇਂਕਿ ਰਾਜਧਾਨੀ ਯੋਰੋਸ਼ਲਮ ਉਪਰ ਦਾਅਵੇ ਨੂੰ ਲੈਕੇ ਸਹਿਮਤੀ ਕਦੇ ਨਾ ਬਣੀ ਪਰ ਸਾਲ 2004 ਤੱਕ ਯਾਸਰ ਅਰਾਫਾਤ ਦੀ ਮੌਤ ਤੱਕ ਸਾਂਝੇ ਪੀਸ ਐਵਾਰਡ ਦਾ ਵਿਰੋਧ ਕਰਨ ਵਾਲੀ ਹਮਾਸ ਇਤਨੀ ਮਜ਼ਬੂਤ ਨਹੀ ਸੀ। ਮੌਜੂਦਾ ਜੰਗ ਦੇ ਹਾਲਾਤ ਲਈ ਜਿੰਮੇਵਾਰੀ ਦਾ ਸਬੰਧ ਹਮਾਸ ਅਤੇ ਉਸਦੀਆਂ ਹਮਦਰਦ ਮੁਸਲਿਮ ਕੱਟੜਪੰਥੀ ਜਥੇਬੰਦੀਆਂ ਦੇ ਨਾਲ ਇਜਰਾਈਲ ਵਲੋਂ ਸਾਂਝੇ ਸਮਝੌਤੇ ਨੂੰ ਲਾਗੂ ਕਰਨ ਦੀ ਬਿਜਾਏ ਅਣਅਧਿਕਾਰਤ ਕਾਲੋਨੀਆਂ ਦੇ ਪਾਸਾਰ ਨਾਲ ਵੀ ਜੁੜਦਾ ਹੈ। ਹਮਾਸ ਇਜ਼ਰਾਈਲ ਦੀ ਇਸ ਪਾਸਾਰਵਾਦੀ ਨੀਤੀ ਦਾ ਲਗਾਤਾਰ ਵਿਰੋਧ ਕਰਦਾ ਆ ਰਿਹਾ ਸੀ ਪਰ ਹੁਣ ਜੰਗ ਵਿਚ ਤਬਦੀਲ ਹੋਇਆ ਇਹ ਵਿਰੋਧ ਵਿਸ਼ਵ ਭਰ ਲਈ ਚਿੰਤਾਜਨਕ ਹੈ। ਇਜ਼ਰਾਈਲ ਨੇ ਉੱਤਰੀ ਗਾਜ਼ਾ ਦੇ ਵਸਨੀਕਾਂ ਆਪਣੇ ਘਰ ਛੱਡ ਕੇ ਦੱਖਣਾ ਗਾਜਾ ਵਿਚ ਜਾਣ ਲਈ ਕਿਹਾ ਹੈ। ਉੱਤਰੀ ਗਾਜ਼ਾ ਵਿਚ ਲਗਭਗ 11 ਲੱਖ ਫਸਲਤੀਨੀ ਵੱਸਦੇ ਹਨ। ਗਾਜ਼ਾ ਦੇ ਪੂਰੇ 365 ਵਰਗ ਕਿਲੋਮੀਟਰ ਦੇ ਇਲਾਕੇ ਦੀ ਕੁੱਲ ਵਸੋਂ 23 ਲੱਖ ਹੈ। ਹਮਾਸ ਨੇ ਇਜ਼ਰਾਈਲ 'ਤੇ ਦਹਿਸ਼ਤਗਰਦ ਹਮਲਾ ਕੀਤਾ ਸੀ ਜਿਸ ਵਿਚ 1300 ਤੋਂ ਵੱਧ ਇਜ਼ਰਾਇਲੀ ਮਾਰੇ ਗਏ ਅਤੇ 2000 ਤੋਂ ਜ਼ਿਆਦਾ ਜ਼ਖ਼ਮੀ ਹੋਏ ਹਨ। ਹਮਾਸ ਦੇ ਦਹਿਸ਼ਤਗਰਦਾਂ ਨੇ 100 ਤੋਂ ਵੱਧ ਇਜ਼ਰਾਇਲੀਆਂ ਨੂੰ ਅਗਵਾ ਕੀਤਾ ਜਿਹਨਾਂ ਵਿਚ ਬੱਚੇ, ਔਰਤਾਂ ਤੇ ਬਜ਼ੁਰਗ ਵੀ ਸ਼ਾਮਲ ਹਨ। ਬੱਚੇ, ਔਰਤਾਂ ਤੇ ਬਜ਼ੁਰਗ ਹਮਾਸ ਦੇ ਕਤਲੇਆਮ ਦਾ ਸ਼ਿਕਾਰ ਵੀ ਹੋਏ। ਜਵਾਬੀ ਹਮਲੇ ਵਿਚ 1500 ਤੋਂ ਵੱਧ ਫਲਸਤੀਨੀ ਮਾਰੇ ਗਏ ਅਤੇ 6000 ਤੋਂ ਵੱਧ ਜ਼ਖ਼ਮੀ ਹੋਏ ਹਨ। ਮਰਨ ਵਾਲਿਆਂ ਵਿਚ 400 ਤੋਂ ਜ਼ਿਆਦਾ ਬੱਚੇ ਅਤੇ 250 ਤੋਂ ਜ਼ਿਆਦਾ ਔਰਤਾਂ ਹਨ। ਇਸ ਜੰਗ ਦੌਰਾਨ ਸੰਯੁਕਤ ਰਾਸ਼ਟਰ ਦੇ 11 ਮੁਲਾਜਮਾਂ ਦੇ ਨਾਲ 11 ਪੱਤਰਕਾਰ ਵੀ ਮਾਰੇ ਜਾ ਚੁੱਕੇ ਹਨ। ਇਜ਼ਰਾਈਲ ਗਾਜ਼ਾ 'ਤੇ ਲਗਾਤਾਰ ਹਮਲੇ ਕਰ ਰਿਹਾ ਹੈ ਅਤੇ ਉਸ ਦੀਆਂ ਫ਼ੌਜਾਂ ਗਾਜ਼ਾ ਵਿਚ ਦਾਖਲ ਹੋਣ ਲਈ ਤਿਆਰ ਹਨ।

ਹਮਾਸ ਦੁਆਰਾ 7 ਅਕਤੂਬਰ ਨੂੰ ਇਜ਼ਰਾਈਲ 'ਤੇ ਕੀਤੇ ਗਏ ਹਮਲੇ ਨੂੰ ਦਹਿਸ਼ਤਵਾਦੀ ਕਾਰਵਾਈ ਕਹਿਣਾ ਉਚਿਤ ਹੈ ਪਰ ਇਜ਼ਰਾਈਲ ਦੀਆਂ ਕਾਰਵਾਈਆਂ ਵੀ ਜਾਇਜ਼ ਨਹੀ ਠਹਿਰਾਉਿਆ ਜਾ ਸਕਦਾ। ਇਜ਼ਰਾਈਲ ਦੁਆਰਾ ਕੀਤੀ ਗਈ ਬੰਬਾਰੀ ਵਿਚ ਹਸਪਤਾਲਾਂ, ਵਿਦਿਅਕ ਅਦਾਰਿਆਂ ਅਤੇ ਰਿਹਾਇਸ਼ੀ ਇਮਾਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।ਇਸ ਦੌਰਾਨ ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਧਮਕੀ ਦਿੱਤੀ ਕਿ ਗਾਜ਼ਾ ਨੂੰ ਮਲਬੇ ਦੇ ਢੇਰ ਵਿਚ ਬਦਲ ਦਿੱਤਾ ਜਾਵੇਗਾ। ਹਮਾਸ ਤੇ ਇਜ਼ਰਾਈਲ ਦੋਵੇਂ ਅਜਿਹੀਆਂ ਕਾਰਵਾਈਆਂ ਕਰ ਰਹੇ ਹਨ ਜੋ ਮਨੁੱਖਤਾ ਵਿਰੁੱਧ ਜੁਰਮ ਦੇ ਦਾਇਰੇ ਵਿਚ ਆਉਂਦੀਆਂ ਹੈ। ਸਰਕਾਰੀ ਤੇ ਨਸਲੀ ਹਿੰਸਾ ਵਿਚਾਲੇ ਆਮ ਲੋਕ ਪਿਸ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਕੌਮਾਂਤਰੀ ਭਾਈਚਾਰਾ ਜੰਗਬੰਦੀ ਲਈ ਦਬਾਅ ਬਣਾਏ ਪਰ ਹਾਲਾਤ ਇਹ ਹਨ ਕਿ ਦੁਨੀਆ ਦੇ ਲੋਕ ਬੁਰੀ ਤਰਾਂ ਦੋ ਹਿੱਸਿਆਂ ਵਿਚ ਵੰਡੇ ਜਾ ਰਹੇ ਹਨ। ਯੂ ਐਨ ਓ ਉਪਰ ਵੱਡਾ ਪ੍ਰਭਾਵ ਰੱਖਣ ਵਾਲਾ ਅਮਰੀਕਾ ਇਜ਼ਰਾਈਲ ਨੂੰ ਅਤਵਾਦ ਨੂੰ ਖਤਮ ਕਰਨ ਦੇ ਨਾਮ ਹੇਠ ਫੌਜੀ ਸਹਾਇਤਾ ਤੇ ਹਥਿਆਰ ਮੁਹੱਈਆ ਕਰਵਾ ਰਿਹਾ ਹੈ। ਜਿਸ ਨਾਲ ਜੰਗ ਅਤੇ ਤਬਾਹੀ ਦੇ ਆਸਾਰ ਹੋਰ ਵਧੇਰੇ ਬਣ ਗਏ ਹਨ। ਖਦਸ਼ਾ ਹੈ ਕਿ ਯੂਕਰੇਨ ਮੁੱਦੇ ਉਪਰ ਅਮਰੀਕਾ ਤੇ ਉਸਦੇ ਭਾਈਵਾਲਾਂ ਤੇ ਔਖਾ ਰੂਸ ਕਿਤੇ ਹਮਾਸ ਨਾਲ ਨਾ ਖੜ ਜਾਏ। ਮੁਸਲਿਮ ਅਤੇ ਖਾੜੀ ਮੁਲਕਾਂ ਦੇ ਨਾਲ ਦਹਿਸ਼ਤਗਰਦੀ ਕੱਟੜਪੰਥੀ ਸੰਗਠਨ ਪਹਿਲਾਂ ਹੀ ਹਮਾਸ ਦੀ ਮਦਦ ਤੇ ਹਨ। ਅਜਿਹੀ ਸਥਿਤੀ ਵਿਚ ਜੇ ਮਿਡਲ ਈਸਟ ਜੰਗ ਤੇ ਤਬਾਹੀ ਦਾ ਕੇਂਦਰ ਬਣਦਾ ਹੈ ਤਾਂ ਇਸਦਾ ਸੇਕ ਪੂਰੀ ਦੁਨੀਆ ਨੂੰ ਸਹਿਣ ਕਰਨਾ ਪਵੇਗਾ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

Face ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
Arms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
Speech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
Time ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE
TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

## ਅਲਬਰਟਾ ਵਲੋਂ ਹਸਪਤਾਲਾਂ 'ਚ ਸਖ਼ਤ ਮਾਸਕ ਨਿਯਮ ਅਪਨਾਉਣ ਦਾ ਹੁਕਮ

ਐਡਮਿੰਟਨ-ਅਲਬਰਟਾ ਹੈਲਥ ਸੇਵਾਵਾਂ ਹਸਪਤਾਲਾਂ ਵਿਚ ਮਾਸਕ ਨਿਯਮਾਂ ਨੂੰ ਸਖਤੀ ਨਾਲ ਅਪਣਾ ਰਹੀਆਂ ਹਨ ਕਿਉਂਕਿ ਇਹ ਕੋਵਿਡ-19 ਪ੍ਰਕੋਪ ਨਾਲ ਨਜਿੱਠ ਰਹੀਆਂ ਹਨ ਪਰ ਰੀਜ਼ਨ ਅਤੇ ਹਸਪਤਾਲ ਇਸ ਆਦੇਸ਼ ਨੂੰ ਨਜ਼ਰਅੰਦਾਜ਼ ਕਰਨ ਲਈ ਸੁਤੰਤਰ ਹਨ। ਇਹ ਗੱਲ ਸਪਸ਼ਟ ਨਹੀਂ ਕਿ ਜੇਕਰ ਰੀਜਨ ਅਤੇ ਹਸਪਤਾਲ ਨਵੇਂ ਨਿਯਮਾਂ ਨਾਲ ਅਸਹਿਮਤ ਹੁੰਦੇ ਹਨ ਤਾਂ ਕਿਸ ਕੋਲ ਆਖਰੀ ਫ਼ੈਸਲਾ ਲੈਣ ਦਾ ਅਧਿਕਾਰ ਹੈ। ਇਕ ਬਿਆਨ ਵਿਚ ਏਐਚਐਸ ਨੇ ਕਿਹਾ ਕਿ ਉਹ ਸਾਰੇ ਸਟਾਫ, ਡਾਕਟਰਾਂ, ਦਾਈਆਂ, ਵਿਦਿਆਰਥੀਆਂ, ਵਲੰਟੀਅਰਾਂ, ਠੇਕਾ ਸਰਵਿਸ ਪ੍ਰੋਵਾਈਡਰਾਂ ਅਤੇ ਅਹਿਮ ਦੇਖਭਾਲ ਲੈਬਰਾਟੇਰੀਆਂ ਵਿਚ ਕੰਮ ਕਰਦੇ ਲੈਬ ਵਰਕਰਾਂ ਲਈ ਤੁਰੰਤ ਮਾਸਕ ਪਹਿਨਣੇ ਲਾਜ਼ਮੀ ਕਰ ਰਿਹਾ ਹੈ। ਮਰੀਜ਼ਾਂ, ਹੈਲਪਰਾਂ ਅਤੇ ਐਮਰਜੈਂਸੀ ਡਿਪਾਰਟਮੈਂਟਾਂ ਵਿਚ ਆਉਣ ਵਾਲੇ ਲੋਕਾਂ ਨੂੰ ਵੀ ਮਾਸਕ ਪਹਿਨਣ ਦੀ ਲੋੜ ਹੈ ਅਤੇ ਇਨ੍ਹਾਂ ਨਿਯਮਾਂ ਦਾ ਹਾਲਵੇਜ਼, ਗਿਫਟ ਸ਼ਾਪਸ, ਕੈਫਟੇਰੀਆ ਅਤੇ ਐਲੀਵੇਟਰ ਸਮੇਤ ਹਸਪਤਾਲਾਂ ਦੇ ਦੂਸਰੇ ਹਿੱਸਿਆਂ ਤਕ ਵਿਸਤਾਰ ਕੀਤਾ ਜਾ ਸਕਦਾ ਹੈ। ਇਹ ਫ਼ੈਸਲਾ ਕਈ ਗੱਲਾਂ 'ਤੇ ਆਧਾਰਤ ਹੈ ਜਿਸ ਵਿਚ ਬਿਮਾਰੀ ਫੈਲਣ ਦੀਆਂ ਥਾਵਾਂ, ਹਸਪਤਾਲ ਵਿਚ ਮਰੀਜ਼ਾਂ ਦੇ ਦਾਖਲ ਹੋਣ ਦੀ ਦਰ ਤੇ ਹੋਰ ਗੱਲਾਂ ਸ਼ਾਮਿਲ ਹਨ।

## ਖਹਿਰਾ ਨੂੰ ਨਿਆਂਇਕ ਹਿਰਾਸਤ ਵਿੱਚ ਨਾਭਾ ਜੇਲ੍ਹ ਭੇਜਿਆ

ਜਲਾਲਾਬਾਦ-ਥਾਣਾ ਸਦਰ ਵਿੱਚ ਸਾਲ 2015 ਵਿੱਚ ਦਰਜ ਹੋਏ ਨਸ਼ਾ ਤਸਕਰੀ ਨਾਲ ਸਬੰਧਤ ਕੇਸ ਵਿੱਚ ਜਲੰਧਰ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਸਵਪਨ ਸ਼ਰਮਾ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਵੱਲੋਂ ਨਾਮਜ਼ਦ ਕੀਤੇ ਗਏ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ 6 ਦਿਨ ਦਾ ਪੁਲੀਸ ਰਿਮਾਂਡ ਖਤਮ ਹੋਣ ਮਗਰੋਂ ਅੱਜ ਮੁੜ ਸਥਾਨਕ ਜੱਜ ਰਾਮਪਾਲ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿੱਥੋਂ ਅਦਾਲਤ ਨੇ ਸੁਖਪਾਲ ਖਹਿਰਾ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਬਾਅਦ ਦੁਪਹਿਰ ਸਖ਼ਤ ਸੁਰੱਖਿਆ ਪਹਿਰੇ ਵਿੱਚ ਖਹਿਰਾ ਨੂੰ ਅਦਾਲਤ ਵਿੱਚ ਲਿਆਂਦਾ ਗਿਆ। ਸਰਕਾਰੀ ਵਕੀਲ ਬਲਜੀਤ ਸਿੰਘ ਨੇ ਅਦਾਲਤ ਵਿੱਚ ਸਰਕਾਰ ਦਾ ਪੱਖ ਰੱਖਿਆ ਤੇ ਦੱਸਿਆ ਕਿ ਮੁਕੱਦਮੇ ਵਿੱਚ ਨਾਮਜ਼ਦ ਦੋਸ਼ੀ ਗੁਰਦੇਵ ਸਿੰਘ ਦੇਬੀ ਵੱਲੋਂ ਲਏ ਕਰਜ਼ ਅਤੇ ਖਹਿਰਾ ਦੇ ਪਾਸਪੋਰਟ ਸਬੰਧੀ ਪੁਲੀਸ ਜਾਂਚ ਕਰਨਾ ਚਾਹੁੰਦੀ ਹੈ। ਇਸ ਲਈ ਉਨ੍ਹਾਂ ਖਹਿਰਾ ਦਾ ਪੁਲੀਸ ਰਿਮਾਂਡ ਵਧਾਉਣ ਲਈ ਅਦਾਲਤ ਨੂੰ ਅਪੀਲ ਕੀਤੀ। ਬਚਾਅ ਪੱਖ ਵੱਲੋਂ ਸੀਨੀਅਰ ਵਕੀਲ ਨਿਤਨਿ ਮਿੱਢਾ ਅਤੇ ਫਾਜ਼ਿਲਕਾ ਤੋਂ ਸੀਨੀਅਰ ਵਕੀਲ ਸੰਜੀਵ ਕੰਬੋਜ ਨੇ ਸਰਕਾਰ ਦੀਆਂ ਦਲੀਲਾਂ ਦਾ ਵਿਰੋਧ ਕਰਦਿਆਂ ਅਦਾਲਤ ਨੂੰ ਦੱਸਿਆ ਕਿ ਪੁਲੀਸ ਦੋ ਵਾਰੀਆਂ ਵਿੱਚ ਹਾਸਲ ਕੀਤੇ 8 ਦਿਨ ਦੇ ਰਿਮਾਂਡ ਦੌਰਾਨ ਖਹਿਰਾ ਤੋਂ ਕੁਝ ਵੀ ਬਰਾਮਦਗੀ ਨਹੀਂ ਕਰ ਸਕੀ। ਇਸ ਕਾਰਨ ਵਕੀਲ ਨਿਤਨਿ ਮਿੱਢਾ ਨੇ ਹੋਰ ਪੁਲੀਸ ਰਿਮਾਂਡ ਦਾ ਵਿਰੋਧ ਕੀਤਾ। ਬਚਾਅ ਪੱਖ ਦੀਆਂ ਦਲੀਲਾਂ ਤੋਂ ਸਹਿਮਤ ਹੋ ਕੇ ਅਦਾਲਤ ਨੇ ਖਹਿਰਾ ਨੂੰ 27 ਅਕਤੂਬਰ ਤੱਕ ਮੁੜ ਤੋਂ ਨਾਭਾ ਜੇਲ੍ਹ ਭੇਜਣ ਦੇ ਹੁਕਮ ਜਾਰੀ ਕੀਤੇ।

# ਅਲਬਰਟਾ ਦੇ ਸੀਪੀਪੀ ਤੋਂ ਬਾਹਰ ਨਿਕਲਣ ਨਾਲ ਹਰ ਕਿਸੇ ਦੀ ਪੈਨਸ਼ਨ ਕਮਜ਼ੋਰ ਹੋ ਜਾਵੇਗੀ-ਟਰੂਡੋ



ਐਡਮਿੰਟਨ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨਾਲ ਚਿੱਠੀਆਂ ਦਾ ਅਦਾਨ ਪ੍ਰਦਾਨ ਕਰਦਿਆਂ ਚਿਤਾਵਨੀ ਦਿੱਤੀ ਕਿ ਕੈਨੇਡਾ ਪੈਨਸ਼ਨ ਪਲੈਨ ਵਿਚੋਂ ਸੂਬੇ ਦੀ ਬਾਹਰ ਆਉਣ ਦੀ ਤਜਵੀਜ਼ ਨਾਲ ਪੈਨਸ਼ਨ ਧਾਰਕਾਂ ਨੂੰ ਨੁਕਸਾਨ ਹੋਵੇਗਾ ਅਤੇ ਪ੍ਰਣ ਕੀਤਾ ਕਿ ਸੀਪੀਪੀ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਦੀ ਸਰਕਾਰ ਹਰ ਸੰਭਵ ਕੋਸ਼ਿਸ਼ ਕਰੇਗੀ। ਮਿਸ ਸਮਿਥ ਨੂੰ ਭੇਜੇ ਪੱਤਰ ਵਿਚ ਟਰੂਡੋ ਨੇ ਕਿਹਾ ਕਿ ਉਹ ਪ੍ਰਸਤਾਵਤ ਯੋਜਨਾ ਤੋਂ ਬਹੁਤ ਚਿੰਤਤ ਹਨ ਜਿਸ ਤਹਿਤ ਅਲਬਰਟਾ ਆਪਣੀ ਵੱਖਰੀ ਅਲਬਰਟਾ ਪੈਨਸ਼ਨ ਯੋਜਨਾ ਕਾਇਮ ਕਰਨ ਲਈ ਸੀਪੀਪੀ ਤੋਂ ਆਪਣੇ ਹਿੱਸੇ ਦੀ ਸੰਪਤੀ ਵਾਪਸ ਲੈ ਲਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਲੱਖਾਂ ਬਜ਼ੁਰਗਾਂ ਅਤੇ ਅਲਬਰਟਾ ਅਤੇ ਸਮੁੱਚੇ ਦੇਸ਼ ਵਿਚ ਕੰਮ ਕਰਦੇ ਮਿਹਨਤੀ ਲੋਕਾਂ ਦੀਆਂ ਪੈਨਸ਼ਨਾਂ ਕਮਜ਼ੋਰ ਹੋ ਜਾਣਗੀਆਂ। ਇਸ ਨਾਲ ਹੋਣ ਵਾਲੇ ਨੁਕਸਾਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਟਰੂਡੋ ਨੇ ਦੱਸਿਆ ਕਿ ਫੈਡਰਲ ਅਧਿਕਾਰੀਆਂ ਤੇ ਕੈਬਨਿਟ ਮੰਤਰੀਆਂ ਨੂੰ ਇਹ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਹ ਇਹ ਗੱਲ ਯਕੀਨੀ ਬਣਾਉਣ ਲਈ ਸਾਰੇ ਲੋੜੀਂਦੇ ਕਦਮ ਚੁੱਕਣ ਜਿਸ ਤੋਂ ਅਲਬਰਟਾ ਵਾਸੀ ਤੇ ਕੈਨੇਡੀਅਨ, ਅਲਬਰਟਾ ਸਰਕਾਰ ਦੀ ਯੋਜਨਾ ਦੇ ਖ਼ਤਰਿਆਂ ਤੋਂ ਜਾਣੂ ਹੋ ਸਕਣ ਅਤੇ ਇਹ ਗੱਲ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨ ਤਾਂ ਜੋ ਸੀਪੀਪੀ ਨੂੰ ਬਰਕਰਾਰ ਰਹੇ। ਇਸ ਦੇ ਜਵਾਬ ਵਿਚ ਸਮਿਥ ਨੇ ਟਰੂਡੋ ਨੂੰ ਪੱਤਰ ਲਿਖ ਕੇ ਕਿਹਾ ਕਿ ਇਸ ਮੁੱਦੇ 'ਤੇ ਤੁਹਾਡੇ ਵਲੋਂ ਸੇਵਾਮੁਕਤ ਕੈਨੇਡੀਅਨ ਲੋਕਾਂ ਦੇ ਦਿਲਾਂ ਤੇ ਦਿਮਾਗਾਂ ਵਿਚ ਡਰ ਪੈਦਾ ਕਰਨਾ ਬੇਤੁਕਾ ਅਤੇ ਅਣਉਚਿੱਤ ਹੈ।

## ਵਿੱਤ ਮੰਤਰੀ ਸਿਰਫ ਗਲਤ ਕਾਰਨਾਂ ਲਈ ਤੇਜ਼ ਜਾਣੀ ਜਾਂਦੀ-ਹੱਲਣ



ਓਟਵਾ-ਕੰਸਰਵੇਟਿਵ ਐਮਪੀ ਜਸਰਾਜ ਹੱਲਣ ਨੇ ਹਾਊਸ ਆਫ ਕਾਮਨਜ਼ ਵਿਚ ਸਪੀਕਰ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਵਿੱਤ ਮੰਤਰੀ ਨੇ ਕਿਸੇ ਵੀ ਪਹਿਲੀ ਸਰਕਾਰ ਤੋਂ ਜ਼ਿਆਦਾ ਕਰਜ਼ਾ ਲੈ ਕੇ ਆਪਣੇ ਬਜਟ ਘਾਟੇ ਨੂੰ ਵਧਾਇਆ ਅਤੇ ਮਹਿੰਗਾਈ ਨੂੰ ਸੁਰਜੀਤ ਕੀਤਾ ਹੈ। ਉਸ ਦੇ ਖਰਚਿਆਂ ਦੇ ਸਿੱਟੇ ਵਜੋਂ ਘਾਟਾ ਤੇ ਮਹਿੰਗਾਈ ਵਧੇ ਹਨ। ਇਨ੍ਹਾਂ ਗੱਲਾਂ ਕਾਰਨ ਵਿਆਜ ਦਰਾਂ ਵਧੀਆਂ ਹਨ ਜਿਸ ਨਾਲ ਕੈਨੇਡਾ ਨੂੰ ਜੀ7 ਦੇਸ਼ਾਂ ਵਿਚ ਮੌਰਟਗੇਜ ਡਿਫਾਲਟ ਸੰਕਟ ਦਾ ਸਭ ਤੋਂ ਵੱਧ ਖ਼ਤਰਾ ਹੈ। ਸਪੀਕਰ ਸਾਹਿਬ ਲਿਬਰਲ-ਐਨਡੀਪੀ ਦੀਆਂ ਨਾਕਾਮ ਨੀਤੀਆਂ ਦੇ ਅੱਠ ਸਾਲ ਬਾਅਦ ਵਿੱਤ ਮੰਤਰੀ ਆਮ ਕੈਨੇਡੀਅਨਾਂ ਨਾਲੋਂ ਮਹਿੰਗਾਈ ਨੂੰ ਵੱਖਰੀ ਤਰ੍ਹਾਂ ਮਹਿਸੂਸ ਕਰਦੇ ਹਨ। ਉਨ੍ਹਾਂ ਦੇ ਭਾਰੀ ਮੁਦਰਾਸਫੀਤੀ ਘਾਟੇ ਨਾਲ ਮਹਿੰਗਾਈ 40 ਸਾਲਾਂ ਵਿਚ ਸਭ ਤੋਂ ਉਪਰ ਚਲੀ ਗਈ ਹੈ ਜਿਸ ਕਾਰਨ ਬੈਂਕ ਆਫ ਕੈਨੇਡਾ ਨੂੰ ਵਿਆਜ ਦਰਾਂ ਵਧਾਉਣੀਆਂ ਪਈਆਂ ਜੋ ਕਿ ਇਤਿਹਾਸ ਵਿਚ ਪਹਿਲਾਂ ਨਾਲੋਂ ਸਭ ਤੋਂ ਵੱਧ ਹਨ। ਸੰਤੁਲਤ ਬਜਟ ਦਾ ਵਾਅਦਾ ਕਰਨ ਪਿੱਛੋਂ ਉਸ ਦੇ ਆਪਣੇ ਬਜਟ ਵਾਚਡੋਗ ਨੇ ਉਸ ਨੂੰ ਤਲਬ ਕੀਤਾ ਹੈ ਅਤੇ ਜਿਸ ਤੋਂ ਸਾਬਤ ਹੁੰਦਾ ਹੈ ਕਿ ਲਿਬਰਲ ਘਾਟਾ ਇਸ ਸਾਲ ਲਗਪਗ 50 ਅਰਬ ਡਾਲਰ ਤਕ ਪਹੁੰਚ ਸਕਦਾ ਹੈ।

## ਸਰੀ ਪੁਲਿਸ ਸਰਵਿਸ ਸ਼ਹਿਰ ਵਾਸੀਆਂ ਲਈ ਇਤਿਹਾਸਕ ਜਿੱਤ-ਮੈਕਲਮ



ਸਰੀ-ਡੱਗ ਮੈਕਲਮ ਤੇ ਸੇਫ ਸਰੀ ਕੁਲੀਸ਼ਨ ਮਾਣ ਨਾਲ ਸਰੀ ਵਾਸੀਆਂ ਨਾਲ ਖੜੇ ਹਨ ਕਿਉਂਕਿ ਸਮਰਪਿਤ ਸਰੀ ਪੁਲਿਸ ਸਰਵਿਸ ਜਿਸ ਦੀ ਲੰਬੇ ਸਮੇਂ ਤੋਂ ਕਲਪਣਾ ਕੀਤੀ ਗਈ ਸੀ ਹਕੀਕਤ ਬਣਨ ਜਾ ਰਹੀ ਹੈ। ਜਨਤਕ ਸੁਰੱਖਿਆ ਮੰਤਰੀ ਮਾਈਕ ਫਾਰਨਵਰਥ ਵਲੋਂ ਪੁਲਿਸ ਐਕਟ ਕੀਤੀਆਂ ਤਬਦੀਲੀਆਂ ਨੇ ਐਸਪੀਐਸ ਨੂੰ ਸਰੀ ਲਈ ਇਕ ਅਧਿਕਾਰਤ ਪੁਲਿਸ ਨਿਸ਼ਚਤ ਕੀਤਾ ਹੈ ਅਤੇ ਇਹ ਡੱਗ ਮੈਕਲਮ ਤੇ ਸੇਫ ਸਰੀ ਕੁਲੀਸ਼ਨ ਦੀ ਜਿੱਤ ਦਾ ਇਤਿਹਾਸਕ ਮੀਲਪੱਥਰ ਹੈ। ਡੱਗ ਮੈਕਲਮ ਕਹਿੰਦੇ ਹਨ ਕਿ ਪੁਲਿਸ ਅਤੇ ਜਨਤਕ ਸੁਰੱਖਿਆ ਦੀ ਦੁਨੀਆ ਵਿਚ ਅੱਜ ਇਹ ਸਰੀ ਵਾਸੀਆਂ ਦੀ ਵੱਡੀ ਜਿੱਤ ਹੈ। ਉਹ ਐਸਪੀਐਸ ਟਰਾਂਜ਼ੀਸ਼ਨ ਨੂੰ ਪ੍ਰਵਾਨਗੀ ਪ੍ਰਤੀ ਅਡੋਲ ਸਮਰਥਨ ਬਦਲੇ ਪ੍ਰੀਮੀਅਰ ਡੇਵਿਡ ਏਬੀ ਅਤੇ ਜਨਤਕ ਸੁਰੱਖਿਆ ਮੰਤਰੀ ਫਾਰਨਵਰਥ ਦਾ ਤਹਿ ਦਿਲੋਂ ਧੰਨਵਾਦ ਕਰਨਾ ਚਾਹੁੰਦੇ ਹਨ।

## ਗੋਲੀ ਵਟਾਂਦਰੇ ਵਿਚ ਸ਼ੱਕੀ ਦੀ ਮੌਤ-ਪੁਲਿਸ ਅਫਸਰ ਜ਼ਖ਼ਮੀ

ਕੈਲਗਰੀ-ਪਿਛਲੇ ਦਿਨੀ ਉੱਤਰੀ ਪੂਰਬੀ ਕੈਲਗਰੀ ਵਿਚ ਹੋਏ ਗੋਲੀ ਵਟਾਂਦਰੇ ਵਿਚ ਇਕ ਸ਼ੱਕੀ ਦੀ ਮੌਤ ਹੋ ਗਈ ਅਤੇ ਇਕ ਪੁਲਿਸ ਅਫਸਰ ਜ਼ਖ਼ਮੀ ਹੋ ਗਿਆ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਅਫਸਰਾਂ ਦੀ ਟੈਕਟੀਕਲ ਟੀਮ ਦੁਪਹਿਰ ਇਕ ਵਜੇ ਦੇ ਕਰੀਬ ਫਾਲਕੋਨਰਿਜ ਦੀ ਉੱਤਰੀ ਪੂਰਬੀ ਕਮਿਊਨਿਟੀ ਵਿਚ ਮੈਕਨਾਈਟ ਪਿੰਡ ਵਿਖੇ ਉੱਚ ਜ਼ੋਖਮ ਵਾਲੇ ਵਾਰੰਟ ਦੀ ਤਾਮੀਲ ਕਰ ਰਹੀ ਸੀ। ਜਦੋਂ ਪੁਲਿਸ ਨੇ ਇਕ ਗ੍ਰਿਫ਼ਤਾਰੀ ਦੀ ਕੋਸ਼ਿਸ਼ ਕੀਤੀ ਤਾਂ ਗੋਲੀ ਵਟਾਂਦਰਾ ਹੋ ਗਿਆ। ਇਕ ਪੁਲਿਸ ਅਫਸਰ ਨੂੰ ਜ਼ਖ਼ਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਜਿਸ ਦੀ ਹਾਲਤ ਸਥਿਰ ਬਣੀ ਹੋਈ ਹੈ ਜਦਕਿ ਸ਼ੱਕੀਆਂ ਵਿਚੋਂ ਇਕ ਨੂੰ ਮੌਕੇ 'ਤੇ ਮ੍ਰਿਤਕ ਐਲਾਨਿਆਂ ਗਿਆ। ਇਕ ਹੋਰ ਨੂੰ ਹਿਰਾਸਤ ਵਿਚ ਲੈ ਲਿਆ। ਐਕਟਿੰਗ ਡਿਪਟੀ ਚੀਫ ਕਲਿਫ ਓ ਬਰਾਇਨ ਨੇ ਦੱਸਿਆ ਕਿ ਇਹ ਬਰਦਾਸ਼ਤ ਕਰਨਾ ਆਸਾਨ ਨਹੀਂ ਹੁੰਦਾ ਜਦੋਂ ਕੈਲਗਰੀ ਵਾਸੀਆਂ ਦੀ ਫੋਨ ਕਾਲ ਦਾ ਜਵਾਬ ਦਿੰਦਿਆਂ ਸਾਡਾ ਕੋਈ ਆਪਣਾ ਜ਼ਖ਼ਮੀ ਹੋ ਜਾਵੇ। ਅਧਿਕਾਰੀ ਬਹੁਤ ਹੀ ਖ਼ਤਰੇ ਵਾਲੇ ਵਾਰੰਟ ਦੀ ਤਾਮੀਲ ਕਰ ਰਹੇ ਸਨ। ਅਸੀਂ ਹੁਣ ਇਹ ਗੱਲ ਜਨਤਾ ਨੂੰ ਦੱਸ ਰਹੇ ਹਾਂ ਕਿ ਇਹ ਸ਼ੱਕੀ ਪਹਿਲਾਂ ਵੀ ਦੂਸਰੇ ਅਗਨੀ ਸ਼ਾਸਤਰ ਨਾਲ ਸਬੰਧਤ ਅਪਰਾਧਾਂ ਵਿਚ ਸ਼ਾਮਿਲ ਸਨ, ਇਸੇ ਕਾਰਨ ਸਾਡੀ ਟੈਕਟੀਕਲ ਯੂਨਿਟ ਗ੍ਰਿਫ਼ਤਾਰੀ ਲਈ ਮੌਕੇ 'ਤੇ ਮੌਜੂਦ ਸੀ। ਸ਼ਾਪਿੰਗ ਮਾਲ ਦੀ ਪਾਰਕਿੰਗ ਵਿਚ ਬਹੁਤ ਸਾਰੀਆਂ ਪੁਲਿਸ ਕਾਰਾਂ ਮੌਜੂਦ ਸਨ। ਇਕ ਨਾਈ ਦੀ ਦੁਕਾਨ ਦੀ ਸਾਹਮਣੇ ਵਾਲੀ ਤਾਕੀ ਵਿਚ ਗੋਲੀ ਦਾ ਸੁਰਾਖ ਦੇਖਿਆ ਜਾ ਸਕਦਾ ਹੈ। ਸਟੋਰ ਦੇ ਸਾਹਮਣੇ ਦੋ ਹੈਂਡਗਨਾਂ ਜ਼ਮੀਨ 'ਤੇ ਪਈਆਂ ਦੇਖੀਆਂ ਜਾ ਸਕਦੀਆਂ ਸਨ। ਓ ਬਰਾਇਨ ਨੇ ਦੱਸਿਆ ਕਿ ਸਭ ਕੁਝ ਪਾਰਕਿੰਗ ਵਿਚ ਵਾਪਰਿਆ ਹੈ।

## ਐਬਟਸਫੋਰਡ ਨੇ ਵਰਕਪਲੇਸ ਹੈਲਥ ਅਤੇ ਸੁਰੱਖਿਆ ਲਈ ਜਿੱਤੇ ਤਿੰਨ ਪੁਰਸਕਾਰ

ਐਬਟਸਫੋਰਡ-ਸ਼ਹਿਰ ਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਸ਼ਹਿਰ ਨੇ ਕਿੱਤਾ ਮੁਖੀ ਸਿਹਤ ਅਤੇ ਸੁਰੱਖਿਆ ਪ੍ਰਤੀ ਆਪਣੀ ਸ਼ਾਨਦਾਰ ਵਚਨਬੱਧਤਾ ਲਈ ਪਛਾਣ ਬਣਾਉਂਦਿਆਂ ਤਿੰਨ ਵਿਸ਼ੇਸ਼ ਪੁਰਸਕਾਰ ਜਿੱਤੇ ਹਨ। ਐਬਟਸਫੋਰਡ ਦੇ ਮੇਅਰ ਰੋਸ ਸੀਮਿਨਜ਼ ਨੇ ਕਿਹਾ ਕਿ ਸਾਡਾ ਇਹ ਟੀਚਾ ਹੈ ਕਿ ਸ਼ਹਿਰ ਦੇ ਸਾਰੇ ਮੁਲਾਜ਼ਮ, ਸਾਰੇ ਸਿਟੀ ਵਰਕਸਾਈਟਸ ਆਪਣੀ ਸਿਹਤ ਅਤੇ ਸੁਰੱਖਿਆ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਜਾਨਣ, ਇਹ ਵੀ ਜਾਨਣ ਕਿ ਉਨ੍ਹਾਂ ਨੇ ਆਪਣੇ ਫਰਜ਼ਾਂ ਨੂੰ ਕਿਵੇਂ ਸੁਰੱਖਿਅਤ ਢੰਗ ਨਾਲ ਨਿਭਾਅ ਕੇ ਹਰ ਰੋਜ਼ ਆਪਣੇ ਅਜ਼ੀਜ਼ਾਂ ਕੋਲ ਘਰ ਜਾਣਾ ਹੈ। ਸਾਡੇ ਮੁਲਾਜ਼ਮ ਸਾਡਾ ਸਭ ਤੋਂ ਵੱਡਾ ਸਰੋਤ ਹਨ ਅਤੇ ਸਾਡੀਆਂ ਪ੍ਰਮੁੱਖ ਤਰਜੀਹਾਂ ਵਿੱਚੋਂ ਇਕ ਇਹ ਹੈ ਕਿ ਸਾਡੇ ਮੁਲਾਜ਼ਮ ਕੰਮ 'ਚ ਸ਼ਾਮਿਲ ਹੋਣ, ਸੁਰੱਖਿਅਤ ਤੇ ਰੁਝੇ ਰਹਿਣ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।


ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਸਿਸੋਦੀਆ ਦੀ ਨਿਆਂਇਕ ਹਿਰਾਸਤ 22 ਤੱਕ ਵਧੀ

ਨਵੀਂ ਦਿੱਲੀ-ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਅੱਜ ਦਿੱਲੀ ਆਬਕਾਰੀ ਨੀਤੀ ਮਾਮਲੇ ਵਿੱਚ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਨਿਆਂਇਕ ਹਿਰਾਸਤ 22 ਨਵੰਬਰ ਤੱਕ ਵਧਾ ਦਿੱਤੀ ਹੈ। ਅਦਾਲਤ ਨੇ ਮੁਲਜ਼ਮਾਂ ਦੇ ਵਕੀਲਾਂ ਨੂੰ ਸੀਬੀਆਈ ਹੈੱਡਕੁਆਰਟਰ ਵਿੱਚ ਦਿੱਲੀ ਆਬਕਾਰੀ ਨੀਤੀ ਮਾਮਲੇ ਵਿੱਚ ਗੈਰ-ਭਰੋਸੇਯੋਗ ਦਸਤਾਵੇਜ਼ਾਂ ਦੀ ਜਾਂਚ ਕਰਨ ਦਾ ਨਿਰਦੇਸ਼ ਵੀ ਦਿੱਤਾ। ਵਿਸ਼ੇਸ਼ ਜੱਜ ਐੱਮ.ਕੇ. ਨਾਗਪਾਲ ਨੇ ਵਕੀਲਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਸੀਬੀਆਈ ਦਫ਼ਤਰ ਵਿੱਚ ਹਰੇਕ ਕੰਮਕਾਜ ਵਾਲੇ ਦਿਨ ਬਾਅਦ ਵਕੀਲਾਂ ਦੀ ਸਹੂਲਤ ਮੁਤਾਬਕ ਬਣਾਈ ਸਮਾਂ ਸਾਰਨੀ ਅਨੁਸਾਰ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 7 ਵਜੇ ਤੱਕ ਦਸਤਾਵੇਜ਼ਾਂ ਦੀ ਜਾਂਚ ਕਰਨ। ਅਦਾਲਤ ਨੇ ਵਕੀਲਾਂ ਨੂੰ ਅਰਜ਼ੀਆਂ ਸਿੱਧੇ ਜਾਂਚ ਅਧਿਕਾਰੀ ਨੂੰ ਈਮੇਲ ਕਰਨ ਲਈ ਕਿਹਾ ਹੈ। ਅਦਾਲਤ ਨੇ ਸੀਬੀਆਈ ਨੂੰ ਇਕ ਮੁਲਜ਼ਮ ਨੂੰ ਦੂਜੀ ਸਪਲੀਮੈਂਟਰੀ ਚਾਰਜਸ਼ੀਟ ਦੀ ਹਾਰਡ ਕਾਪੀ ਜਦਕਿ ਕੁਝ ਮੁਲਜ਼ਮਾਂ ਨੂੰ ਸਾਫਟ ਕਾਪੀ ਦੇਣ ਦੇ ਨਿਰਦੇਸ਼ ਦਿੱਤੇ ਹਨ।



# ਸਰੀ ਪੁਲਿਸ ਪ੍ਰਬੰਧ ਵਿਵਾਦ ਨਾਲ ਸਬੰਧਤ ਬੇਰਹਿਮ ਕਾਨੂੰਨ ਦੀ ਵਿਰੋਧੀ ਧਿਰ ਵਲੋਂ ਆਲੋਚਨਾ

ਵਿਕਟੋਰੀਆ-ਸਾਬਕਾ ਲਿਬਰਲ ਜਨਤਕ ਸੁਰੱਖਿਆ ਮੰਤਰੀ ਅਤੇ ਸਾਲਿਸਟਰ ਜਨਰਲ ਮਾਈਕ ਮੋਰਿਸ ਨੇ ਕਿਹਾ ਕਿ ਐਨਡੀਪੀ ਸਰਕਾਰ ਸਰੀ ਨੂੰ ਸਰੀ ਆਰਸੀਐਮਪੀ ਦੀ ਬਜਾਏ ਸਰੀ ਪੁਲਿਸ ਸਰਵਿਸ 'ਤੇ ਅੱਗ ਵਧਣ ਲਈ ਮਜ਼ਬੂਰ ਕਰਨ ਵਾਸਤੇ ਪੁਲਿਸ ਐਕਟ ਵਿਚ ਸੋਧਾਂ ਕਰਕੇ ਸ਼ਹਿਰਾਂ ਦੀ ਇਹ ਫੈਸਲਾ ਕਰਨ ਦੀ ਯੋਗਤਾ ਨੂੰ ਹੜੱਪ ਕਰ ਰਹੀ ਹੈ ਕਿ ਉਨ੍ਹਾਂ ਲਈ ਕਿਹੜੀ ਪੁਲਿਸ ਹੋਣੀ ਚਾਹੀਦੀ ਹੈ। ਮੋਰਿਸ ਜਿਹੜੇ ਮੌਜੂਦਾ ਸਮੇਂ ਜਨਤਕ ਸੁਰੱਖਿਆ ਬਾਰੇ ਮੰਤਰੀ ਅਤੇ ਸਾਲਿਸਟਰ ਜਨਰਲ ਮਾਈਕ ਫਾਰਨਵਰਥ ਲਈ ਵਿਰੋਧੀ ਧਿਰ ਦੇ ਸ਼ੈਡੋ ਮੰਤਰੀ ਵਜੋਂ ਕੰਮ ਕਰਦੇ ਹਨ ਨੇ ਕਿਹਾ ਕਿ ਉਹ ਸ਼ੁਰੂ ਤੋਂ ਹੀ ਇਹ ਸਮਝ ਨਹੀਂ ਸਕੇ ਕਿ ਸੂਬਾ ਸਰਕਾਰ ਸਰੀ ਨੂੰ ਐਸਪੀਐਸ ਨਾਲ ਚੱਲਣ ਦਾ ਹੁਕਮ ਦੇਣ ਦੇ ਪੱਕੇ ਰੁਖ 'ਤੇ ਕਿਵੇਂ ਪਹੁੰਚ ਗਈ। ਮੌਰਿਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਸਬੰਧੀ ਕੋਈ ਜਾਣਕਾਰੀ ਨਹੀਂ, ਸੂਬਾ ਉਹ ਜਾਣਕਾਰੀ ਦੇਣ ਤੋਂ ਝਿਜਕ ਰਿਹਾ ਹੈ ਜਿਹੜੀ ਉਸ ਨੇ ਅਤੇ ਮੰਤਰੀ ਨੇ ਇਹ ਫ਼ੈਸਲਾ ਲੈਣ ਲਈ ਵਰਤੀ ਹੈ, ਅਸੀਂ ਅੱਜ ਉਥੇ ਖੜੇ ਹਾਂ ਜਿਥੇ ਉਹ ਪਵਿੱਤਰਤਾ ਜਾਂ ਫ਼ੈਸਲਾ ਲੈਣ ਦੀ ਪ੍ਰਕਿਰਿਆ ਨੂੰ ਹੜੱਪ ਰਹੇ ਹਨ ਜਿਸ ਵਿਚ ਮਿਉਂਸਪਲਟੀਜ਼ ਨੇ ਫ਼ੈਸਲਾ ਕਰਨਾ ਹੁੰਦਾ ਹੈ ਕਿ ਉਨ੍ਹਾਂ ਦੀ ਮਿਉਂਸਪਲਟੀ ਦੀ ਪੁਲਿਸ ਕਿਹੜੀ ਹੋਣੀ ਚਾਹੀਦੀ ਹੈ। ਮੇਰਾ ਮੰਨਣਾ ਕਿ ਇਹ ਗਲਤ ਦਿਸ਼ਾ ਹੈ ਅਤੇ ਅਗਲੇ ਕੁਝ ਦਿਨਾਂ ਵਿਚ ਕਮੇਟੀ ਪੜਾਅ ਦੌਰਾਨ ਇਸ 'ਤੇ ਡੂੰਘਾਈ ਨਾਲ ਵਿਚਾਰ ਕਰਨ ਦਾ ਇਰਾਦਾ ਹੈ। ਮੌਰਿਸ ਦਸੰਬਰ 2015 ਤੋਂ ਜੁਲਾਈ 2017 ਤਕ ਜਨਤਕ ਸੁਰੱਖਿਆ ਮੰਤਰੀ ਅਤੇ ਸਾਲਿਸਟਰ ਜਨਰਲ ਰਹੇ ਹਨ। ਬੀਸੀ ਯੂਨਾਈਟਡ ਦੇ ਲੇਬਰ ਆਲੋਚਕ ਪੀਟਰ ਮਿਲੋਬਰ ਨੇ ਦੋਸ਼ ਲਗਾਇਆ ਕਿ ਸੂਬਾ ਸਰਕਾਰ ਦੀ ਮਿਉਂਸਪਲਟੀਜ਼ ਪ੍ਰਤੀ ਤਾਜ਼ਾ ਪਹੁੰਚ ਸੰਵੇਦਨਸ਼ੀਲਤਾ ਰਹਿਤ ਹੈ।

# ਆਂਧਰਾ ਹਾਈ ਕੋਰਟ ਵੱਲੋਂ ਨਾਇਡੂ ਦੀ ਜ਼ਮਾਨਤ ਅਰਜ਼ੀ ਖਾਰਜ

ਅਮਰਾਵਤੀ-ਆਂਧਰਾ ਪ੍ਰਦੇਸ਼ ਹਾਈ ਕੋਰਟ ਨੇ ਹੁਨਰ ਵਿਕਾਸ ਨਿਗਮ ਘੁਟਾਲਾ ਮਾਮਲੇ ਵਿੱਚ ਤੇਲਗੂ ਦੇਸਮ ਪਾਰਟੀ (ਟੀਡੀਪੀ) ਦੇ ਮੁਖੀ ਐੱਨ ਚੰਦਰਬਾਬੂ ਨਾਇਡੂ ਨੂੰ ਅੰਤ੍ਰਿਮ ਜ਼ਮਾਨਤ ਦੇਣ ਤੋਂ ਅੱਜ ਇਨਕਾਰ ਕਰ ਦਿੱਤਾ ਹੈ। ਹਾਈ ਕੋਰਟ ਨੇ ਅੰਤ੍ਰਿਮ ਜ਼ਮਾਨਤ ਦੇਣ ਤੋਂ ਇਸ ਵਾਸਤੇ ਇਨਕਾਰ ਕਰ ਦਿੱਤਾ ਕਿਉਂਕਿ ਨਾਇਡੂ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਦਾ ਵੀ ਇਹੋ ਰੁਖ਼ ਹੈ। ਹਾਈ ਕੋਰਟ ਵੱਲੋਂ ਇਹ ਫੈਸਲਾ ਵੀ ਲਏ ਜਾਣ ਦੀ ਆਸ ਹੈ ਕਿ ਨਾਇਡੂ ਨੂੰ ਸਿਹਤ ਦੇ ਆਧਾਰ 'ਤੇ ਡਾਕਟਰਾਂ ਨੂੰ ਦਿਖਾਉਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ ਜਾਂ ਨਹੀਂ। ਇਸ ਦੌਰਾਨ ਵਿਜੈਵਾੜਾ ਦੀ ਇਕ ਭ੍ਰਿਸ਼ਟਾਚਾਰ ਵਿਰੋਧੀ ਅਦਾਲਤ ਨੇ ਨਾਇਡੂ ਦੀ ਨਿਆਂਇਕ ਹਿਰਾਸਤ ਪਹਿਲੀ ਨਵੰਬਰ ਤੱਕ ਵਧਾ ਦਿੱਤੀ ਹੈ। ਸਾਬਕਾ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਨੂੰ ਵਿਸ਼ੇਸ਼ ਅਦਾਲਤ ਵਿੱਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ ਗਿਆ ਅਤੇ ਜਸਟਿਸ ਬੀ.ਐੱਸ.ਵੀ. ਹਿਮਾ ਬਿੰਦੂ ਨੇ ਉਨ੍ਹਾਂ ਦੀ ਸਿਹਤ ਬਾਰੇ ਜਾਣਕਾਰੀ ਹਾਸਲ ਕੀਤੀ।

# ਕੈਨੇਡਾ ਨੇ ਆਪਣੇ 41 ਸਫੀਰ ਵਾਪਸ ਬੁਲਾਏ

ਟੋਰਾਂਟੋ-ਭਾਰਤ ਵੱਲੋਂ ਕੈਨੇਡਿਆਈ ਸਫੀਰਾਂ ਨੂੰ ਮਿਲੀ ਛੋਟ ਹਟਾਉਣ ਦੀ ਚਿਤਾਵਨੀ ਮਗਰੋਂ ਕੈਨੇਡਾ ਨੇ ਆਪਣੇ 41 ਸਫੀਰਾਂ ਨੂੰ ਵੀਰਵਾਰ ਨੂੰ ਨਵੀਂ ਦਿੱਲੀ ਵਿੱਚ ਸੇਵਾ ਤੋਂ ਹਟਾ ਦਿੱਤਾ ਹੈ। ਕੈਨੇਡਾ ਨੇ ਦੋਸ਼ ਲਾਏ ਹਨ ਕਿ ਉਪ ਨਗਰੀ ਵੈਨਕੂਵਰ ਵਿੱਚ ਹੋਈ ਇੱਕ ਸਿੱਖ ਵੱਖਵਾਦੀ ਦੀ ਹੱਤਿਆ ਵਿੱਚ ਭਾਰਤ ਦਾ ਹੱਥ ਹੋ ਸਕਦਾ ਹੈ। ਇਸ ਮਗਰੋਂ ਭਾਰਤ ਤੇ ਕੈਨੇਡਾ ਦੇ ਸਬੰਧਾਂ ਵਿੱਚ ਤਣਾਅ ਵਧ ਗਿਆ ਹੈ। ਖਬਰ ਏਜੰਸੀ 'ਦਿ ਐਸੋਸੀਏਟਡ ਪ੍ਰੈੱਸ' (ਏਪੀ) ਨੇ ਪਹਿਲਾਂ ਕਿਹਾ ਸੀ ਕਿ ਭਾਰਤ ਨੇ ਕੈਨੇਡਾ ਤੋਂ ਆਪਣੇ 62 ਡਿਪਲੋਮੈਟਾਂ ਵਿੱਚੋਂ 41 ਨੂੰ ਹਟਾਉਣ ਲਈ ਕਿਹਾ ਹੈ। ਇਸ ਮਗਰੋਂ ਕੈਨੇਡਾ ਦੀ ਵਿਦੇਸ਼ ਮੰਤਰੀ ਮਿਲੇਨੀ ਜੌਲੀ ਨੇ ਕਿਹਾ ਕਿ 41 ਸਫੀਰਾਂ ਨੂੰ ਭਾਰਤ ਵਿੱਚ ਸੇਵਾ ਤੋਂ ਹਟਾ ਦਿੱਤਾ ਗਿਆ ਹੈ।

# ਨੌਜਵਾਨ ਵੱਲੋਂ ਮਾਂ, ਪਿਓ ਤੇ ਭਰਾ ਦੀ ਹੱਤਿਆ

ਜਲੰਧਰ-ਇੱਥੋਂ ਨੇੜਲੇ ਲਾਂਬੜਾ ਥਾਣੇ ਅਧੀਨ ਪੈਂਦੇ ਟਾਵਰ ਐਨਕਲੇਵ ਦੇ ਫੇਜ਼ ਨੰਬਰ-3 ਦੀ ਕੋਠੀ ਨੰਬਰ 175 ਵਿੱਚ ਅੱਜ ਦੇਰ ਰਾਤ ਇੱਕ ਨੌਜਵਾਨ ਨੇ ਜਾਇਦਾਦ ਦੇ ਕਥਿਤ ਵਿਵਾਦ ਕਾਰਨ ਆਪਣੇ ਪਿਤਾ, ਮਾਂ ਅਤੇ ਭਰਾ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਹਮਲਾਵਰ ਦੀ ਪਛਾਣ ਹਰਪ੍ਰੀਤ ਸਿੰਘ ਵਜੋਂ ਜਦਕਿ ਮ੍ਰਿਤਕਾਂ ਦੀ ਪਛਾਣ ਪਿਤਾ ਜਗਦੀਪ ਸਿੰਘ, ਮਾਤਾ ਅਮਰਜੀਤ ਕੌਰ ਅਤੇ ਭਰਾ ਗਗਨਦੀਪ ਸਿੰਘ ਵਜੋਂ ਦੱਸੀ ਗਈ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਐੱਸਐੱਸਪੀ (ਦਿਹਾਤੀ) ਮੁਖਵਿੰਦਰ ਸਿੰਘ ਭੁੱਲਰ ਤੇ ਪੁਲੀਸ ਦੇ ਉੱਚ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਕਤਲ ਕਰਨ ਮਗਰੋਂ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਿਆ। ਪੁਲੀਸ ਵੱਲੋਂ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ। ਪੁਲੀਸ ਅਧਿਕਾਰੀਆਂ ਅਨੁਸਾਰ ਸਕਿਉਰਿਟੀ ਗਾਰਡ ਵਜੋਂ ਕੰਮ ਕਰਦੇ ਮੁਲਜ਼ਮ ਨੇ ਆਪਣੇ ਲਾਇਸੈਂਸੀ ਰਿਵਾਲਵਰ ਨਾਲ ਘਟਨਾ ਨੂੰ ਅੰਜਾਮ ਦਿੱਤਾ ਹੈ। ਮੁੱਢਲੀ ਜਾਂਚ ਮੁਤਾਬਕ ਮਾਮਲਾ ਜਾਇਦਾਦ ਦੇ ਵਿਵਾਦ ਨਾਲ ਜੁੜਿਆ ਲਗਦਾ ਹੈ। ਪੁਲੀਸ ਨੇ ਲਾਸ਼ਾਂ ਕਬਜ਼ੇ 'ਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੁਲਿਸ ਕਾਨੂੰਨ ਵਿਚ ਤਬਦੀਲੀਆਂ ਨੂੰ ਲੈ ਕੇ ਪੁਲਿਸ ਕੰਪਲੇਂਟ ਕਮਿਸ਼ਨਰ ਵਲੋਂ ਫਾਰਨਵਰਥ ਕੋਲ ਚਿੰਤਾ ਜ਼ਾਹਿਰ

ਸਰੀ-ਪੁਲਿਸ ਕੰਪਲੇਂਟ ਕਮਿਸ਼ਨਰ ਕਲੈਟਨ ਪੇਕਨੌਲਡ ਨੇ ਜਨਤਕ ਸੁਰੱਖਿਆ ਬਾਰੇ ਮੰਤਰੀ ਮਾਈਕ ਫਾਰਨਵਰਥ ਨੂੰ ਪੁਲਿਸ ਐਕਟ ਵਿਚ ਪ੍ਰਸਤਾਵਤ ਤਬਦੀਲੀਆਂ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ ਅਤੇ ਉਸ ਦਾ ਕਹਿਣਾ ਕਿ ਇਹ ਤਬਦੀਲੀਆਂ ਸਰੀ ਵਾਸੀਆਂ ਨੂੰ ਉਨ੍ਹਾਂ ਦੇ ਸ਼ਹਿਰ ਵਿਚ ਪੁਲਿਸ ਪ੍ਰਬੰਧ ਬਾਰੇ ਚਿੰਤਾਵਾਂ ਜ਼ਾਹਿਰ ਕਰਨ ਦੀ ਉਨ੍ਹਾਂ ਦੀ ਸਮਰੱਥਾ ਵਿਚ ਰੁਕਾਵਟ ਪਾ ਸਕਦੀਆਂ ਹਨ। 17 ਅਕਤੂਬਰ ਨੂੰ ਫਾਰਨਵਰਥ ਨੂੰ ਭੇਜੇ ਪੱਤਰ ਵਿਚ ਕਮਿਸ਼ਨਰ ਨੇ ਕਾਨੂੰਨ ਦੇ ਇਕ ਪਹਿਲੂ 'ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਇਹ ਪਹਿਲੂ ਸਰੀ ਵਾਸੀਆਂ ਦੀ ਉਨ੍ਹਾਂ ਦੀ ਕਮਿਊਨਿਟੀ ਵਿਚ ਪੁਲਿਸ ਸੇਵਾਵਾਂ ਦੀ ਵਿਵਸਥਾ ਬਾਰੇ ਜਾਇਜ਼ ਚਿੰਤਾ ਉਠਾਉਣ ਵਿਚ ਰੁਕਾਵਟ ਪਾ ਸਕਦਾ ਹੈ ਅਤੇ ਸਾਡੀ ਨਿਗਰਾਨੀ ਹੇਠ ਉਨ੍ਹਾਂ ਚਿੰਤਾਵਾਂ ਨੂੰ ਪਾਰਦਰਸ਼ਤਾ ਤੇ ਨਿਰਪੱਖਤਾ ਨਾਲ ਹੱਲ ਕੀਤਾ ਜਾਵੇ। ਰੈਕਨੌਲਡ ਨੇ ਮੰਤਰੀ ਨੂੰ ਇਸ ਟਰਾਂਜ਼ੀਸ਼ਨ ਦੀ ਬੇਮਿਸਾਲ ਗੁੰਝਲਦਾਰਤਾ ਅਤੇ ਇਸ ਦੇ ਸਮੇਂ ਦੀ ਅਨਿਸ਼ਚਤਤਾ ਦੇ ਮੱਦੇਨਜ਼ਰ ਇਸ ਦੀ ਖਾਸ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਹੈ। ਕਮਿਸ਼ਨਰ ਨੇ ਮਜ਼ਬੂਤੀ ਨਾਲ ਸਰੀ ਪੁਲਿਸ ਸਰਵਿਸ ਦੀ ਨਿਰੰਤਰ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਉਸ ਮੱਦ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਬਿੱਲ 'ਤੇ ਪਹਿਲਾਂ ਹੀ ਦੂਸਰੀ ਪੜ੍ਹਤ ਹੋ ਚੁੱਕੀ ਹੈ।

# ਹਾਰ ਨਹੀਂ ਮੰਨ ਰਹੀ ਮੇਅਰ ਬਰੈਂਡਾ ਲੋਕ

ਸਫ਼ਾ 1 ਦੀ ਬਾਕੀ

ਨੂੰ 150 ਮਿਲੀਅਨ ਡਾਲਰ ਦੇਵੇਗੀ ਪਰ ਲੋਕ ਦਾ ਕਹਿਣਾ ਕਿ ਇਹ ਕਾਫੀ ਨਹੀਂ ਹਨ। ਜਦੋਂ ਇਹ ਪੁੱਛਿਆ ਗਿਆ ਕਿ ਸਰੀ ਨੂੰ ਹੋਰ ਪੈਸਾ ਦਿੱਤਾ ਜਾਵੇਗਾ ਤਾਂ ਏਬੀ ਨੇ ਕਿਹਾ ਕਿ ਵੱਡੀ ਚੁਣੌਤੀ ਇਹ ਹੈ ਕਿ ਵਿਵਾਦ ਨੂੰ ਜਿੰਨਾ ਲੰਬਾ ਖਿੱਚਿਆ ਜਾਵੇਗਾ ਤਾਂ ਇਹ ਹੋਰ ਮਹਿੰਗਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸਰੀ ਨੂੰ ਫ਼ੈਸਲੇ ਜਿਹੜਾ ਪਹਿਲਾਂ ਹੀ ਹੋ ਚੁੱਕਾ ਹੈ ਅਤੇ ਜਿਸ ਨੂੰ ਅਦਾਲਤ ਵਲੋਂ ਰੱਦ ਨਹੀਂ ਕੀਤਾ ਜਾਵੇਗਾ ਲਈ ਵਕੀਲਾਂ 'ਤੇ ਹੋਰ ਪੈਸੇ ਖਰਚ ਕੇ ਅਦਾਲਤ ਵਿਚ ਜਾਣ ਦੀ ਥਾਂ ਸੂਬੇ ਨਾਲ ਬੈਠਣਾ ਚਾਹੀਦਾ ਹੈ।

# ਸਾਬਕਾ ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਗ੍ਰਿਫ਼ਤਾਰ

ਜ਼ੀਰਾ-ਬੀਡੀਪੀਓ ਦਫ਼ਤਰ ਵਿੱਚ ਧਰਨਾ ਦੇ ਕੇ ਸਰਕਾਰੀ ਕੰਮ ਵਿੱਚ ਵਿਘਨ ਪਾਉਣ ਦੇ ਦੋਸ਼ ਹੇਠ ਦਰਜ ਮਾਮਲੇ ਵਿੱਚ ਜ਼ੀਰਾ ਤੋਂ ਸਾਬਕਾ ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੂੰ ਅੱਜ ਤੜਕਸਾਰ ਜ਼ੀਰਾ ਪੁਲੀਸ ਨੇ ਉਨ੍ਹਾਂ ਦੇ ਘਰ ਦੇ ਬਾਹਰੋਂ ਗ੍ਰਿਫ਼ਤਾਰ ਕਰ ਲਿਆ। ਜ਼ੀਰਾ ਦੇ ਡੀਐੱਸਪੀ ਗੁਰਦੀਪ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਉਨ੍ਹਾਂ ਨੂੰ ਹਿਰਾਸਤ 'ਚ ਲਿਆ। ਗ੍ਰਿਫ਼ਤਾਰੀ ਦੀ ਸਾਰੀ ਘਟਨਾ ਘਰ ਦੇ ਬਾਹਰ ਲੱਗੇ ਸੀਸੀਟੀਵੀ ਕੈਮਰੇ ਵਿਚ ਕੈਦ ਹੋ ਗਈ ਹੈ। ਉਨ੍ਹਾਂ ਨੂੰ ਜ਼ੀਰਾ ਅਦਾਲਤ ਨੇ 14 ਦਿਨ ਲਈ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ। ਪੁਲੀਸ ਨੇ ਜ਼ੀਰਾ ਦਾ ਫ਼ਿਰੋਜ਼ਪੁਰ ਵਿੱਚ ਮੈਡੀਕਲ ਕਰਵਾਇਆ ਤੇ ਮਗਰੋਂ ਉਨ੍ਹਾਂ ਨੂੰ ਕੇਂਦਰੀ ਜੇਲ੍ਹ ਲੈ ਗਈ। ਕਾਂਗਰਸੀਆਂ ਦੇ ਵਿਰੋਧ ਤੋਂ ਡਰਦਿਆਂ ਕੁਲਬੀਰ ਜ਼ੀਰਾ ਨੂੰ ਅੱਜ ਹੀ ਫ਼ਿਰੋਜ਼ਪੁਰ ਜੇਲ੍ਹ ਤੋਂ ਰੋਪੜ ਜੇਲ੍ਹ 'ਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਦੌਰਾਨ ਜ਼ੀਰਾ ਨੇ ਕਿਹਾ ਕਿ ਰਿਹਾਅ ਹੋਣ ਮਗਰੋਂ ਉਹ ਹਾਈ ਕੋਰਟ ਜਾਣਗੇ ਤੇ ਵਿਧਾਇਕ ਨਰੇਸ਼ ਕਟਾਰੀਆ ਖ਼ਿਲਾਫ਼ ਮੁਕੱਦਮਾ ਦਰਜ ਕਰਵਾਉਣਗੇ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਕੁਲਬੀਰ ਜ਼ੀਰਾ ਨੇ ਆਪਣੇ ਹਲਕੇ ਦੇ ਬੀਡੀਪੀਓ ਦਫ਼ਤਰ ਵਿਚ ਸਰਪੰਚਾਂ ਨੂੰ ਨਾਲ ਲੈ ਕੇ ਲਗਾਤਾਰ ਦੋ ਦਿਨ ਤੱਕ ਧਰਨਾ ਦਿੱਤਾ ਸੀ।

# ਕੁੰਵਰ ਵਿਜੈ ਪ੍ਰਤਾਪ ਖ਼ਿਲਾਫ਼ ਹਾਈ ਕੋਰਟ ਵਿਚ ਸ਼ਿਕਾਇਤ

ਸਫ਼ਾ 3 ਦੀ ਬਾਕੀ

ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਕਿ ਇਸ ਮਾਮਲੇ ਤੇ ਉਹ ਆਪਣੀ ਕੋਈ ਪ੍ਰਤਿਕਿਰਿਆ ਨਹੀਂ ਦੇਣਾ ਚਾਹੁੰਦੇ ਅਤੇ ਉਹ ਆਪਣਾ ਪੱਖ ਪਹਿਲਾਂ ਹੀ ਇਲਾਕਾ ਮੈਜਿਸਟਰੇਟ ਫਰੀਦਕੋਟ ਦੀ ਅਦਾਲਤ ਵਿੱਚ ਪੇਸ਼ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੁਝ ਲੋਕ ਲਾਲਚ ਵਿੱਚ ਆ ਕੇ ਆਪਣੇ ਕਿਰਦਾਰ ਅਤੇ ਇਮਾਨ ਨਿਲਾਮ ਕਰ ਚੁੱਕੇ ਹਨ। ਮੁੱਦਈ ਧਿਰ ਅਤੇ ਸਾਬਕਾ ਜਾਂਚ ਅਧਿਕਾਰੀ ਦਰਮਿਆਨ ਪੈਦਾ ਹੋਏ ਇਸ ਵਿਵਾਦ ਨੇ ਬਹਬਿਲ ਗੋਲੀ ਕਾਂਡ ਵਿੱਚ ਨਾਮਜ਼ਦ ਰਸੂਖ ਵਾਲੇ ਮੁਲਜ਼ਮਾਂ ਨੂੰ ਵੱਡੀ ਰਾਹਤ ਦਿੱਤੀ ਹੈ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS


Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM



# ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦੇ ਨਵੇਂ ਨਾਵਲ 'ਨਾਬਰ' ਦਾ ਲੇਖਕਾਂ ਵੱਲੋਂ ਸਵਾਗਤ

ਸਰੀ (ਹਰਦਮ ਮਾਨ)-ਪ੍ਰਸਿੱਧ ਪੰਜਾਬੀ ਨਾਵਲਕਾਰ ਜਰਨੈਲ ਸਿੰਘ ਸੇਖਾ ਦਾ ਨਵ-ਪ੍ਰਕਾਸ਼ਿਤ ਨਾਵਲ 'ਨਾਬਰ' ਬੀਤੇ ਦਿਨੀਂ ਸਰੀ ਵਿਖੇ ਗੁਲਾਟੀ ਪਬਲਿਸ਼ਰਜ਼ ਸਟੋਰ ਉੱਪਰ ਪੁੱਜਿਆ ਤਾਂ ਜਰਨੈਲ ਸਿੰਘ ਸੇਖਾ ਸਮੇਤ ਸਰੀ ਦੇ ਕਈ ਲੇਖਕਾਂ ਵੱਲੋਂ ਇਸ ਦਾ ਸਵਾਗਤ ਕੀਤਾ ਗਿਆ। ਇਹ ਨਾਵਲ ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ। ਜਰਨੈਲ ਸਿੰਘ ਸੇਖਾ ਦਾ ਇਹ ਪੰਜਵਾਂ ਨਾਵਲ ਹੈ ਅਤੇ ਇਸ ਤੋਂ ਪਹਿਲਾਂ ਉਨ੍ਹਾਂ ਦੇ ਚਾਰ ਨਾਵਲ 'ਦੁਨੀਆਂ ਕੈਸੀ ਹੋਈ', 'ਭਗੌੜਾ', 'ਵਿਗੋਚਾ' ਅਤੇ 'ਬੇਗਾਨੇ' ਪ੍ਰਕਾਸ਼ਿਤ ਹੋ ਚੁੱਕੇ ਹਨ। ਉਨ੍ਹਾਂ ਦੇ ਨਾਵਲ ਕੈਨੇਡਾ ਵਿਚ ਵਸਦੇ ਪੰਜਾਬੀਆਂ ਦੀ ਸਮੁੱਚੀ ਜ਼ਿੰਦਗੀ ਦੀ ਬਾਖ਼ੂਬੀ ਤਸਵੀਰਕਸ਼ੀ ਕਰਦੇ ਹਨ। ਵੈਨਕੂਵਰ ਵਿਚਾਰ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਅਤੇ ਜਨਰਲ ਸਕੱਤਰ ਮੋਹਨ ਗਿੱਲ ਨੇ ਦੱਸਿਆ ਕਿ ਮੰਚ ਵੱਲੋਂ ਇਸ ਨਾਵਲ ਦਾ ਰਿਲੀਜ਼ ਸਮਾਗਮ ਆਉਂਦੇ ਦਿਨਾਂ ਵਿਚ ਕੀਤਾ ਜਾਵੇਗਾ। ਜਰਨੈਲ ਸਿੰਘ ਸੇਖਾ ਨੂੰ ਨਵੇਂ ਨਾਵਲ ਦੀ ਵਧਾਈ ਦੇਣ ਵਾਲਿਆਂ ਵਿਚ ਅੰਗਰੇਜ਼ ਬਰਾੜ, ਗੁਰਮੀਤ ਸਿੰਘ ਸਿੱਧੂ ਅਤੇ ਸਤੀਸ਼ ਗੁਲਾਟੀ ਵੀ ਸ਼ਾਮਲ ਸਨ।

# ਗਾਜ਼ਾ 'ਚ ਕੋਈ ਵੀ ਥਾਂ ਸੁਰੱਖਿਅਤ ਨਹੀਂ ਰਹੀ

## ਇਜ਼ਰਾਈਲ ਦੱਖਣ ਵਾਲੇ ਪਾਸੇ ਵੀ ਕਰ ਰਿਹੈ ਹਵਾਈ ਹਮਲੇ

ਖਾਨ ਯੂਨਿਸ-ਇਜ਼ਰਾਈਲ ਨੇ ਗਾਜ਼ਾ ਪੱਟੀ ਦੇ ਲੋਕਾਂ ਨੂੰ ਦੱਖਣ ਵੱਲ ਜਾਣ ਦੇ ਭਾਵੇਂ ਹੁਕਮ ਦਿੱਤੇ ਹਨ ਪਰ ਉਹ ਕਿਤੇ ਵੀ ਸੁਰੱਖਿਅਤ ਦਿਖਾਈ ਨਹੀਂ ਦੇ ਰਹੇ ਹਨ। ਇਜ਼ਰਾਈਲ ਨੇ ਵੀਰਵਾਰ ਤੜਕੇ ਦੱਖਣ ਸਮੇਤ ਗਾਜ਼ਾ ਪੱਟੀ 'ਚ ਕਈ ਥਾਵਾਂ 'ਤੇ ਹਵਾਈ ਹਮਲੇ ਕੀਤੇ ਜਿਸ 'ਚ ਕਈ ਜਾਨਾਂ ਜਾਣ ਦਾ ਖ਼ਦਸ਼ਾ ਹੈ। ਹਮਾਸ ਵੱਲੋਂ ਦੱਖਣੀ ਇਜ਼ਰਾਈਲ 'ਚ ਕੀਤੇ ਵਹਿਸ਼ੀ ਹਮਲੇ ਮਗਰੋਂ ਇਜ਼ਰਾਇਲੀ ਫ਼ੌਜ ਗਾਜ਼ਾ 'ਚ ਲਗਾਤਾਰ ਹਮਲੇ ਕਰ ਰਹੀ ਹੈ। ਦੱਖਣੀ ਗਾਜ਼ਾ ਦੇ ਸ਼ਹਿਰ ਖਾਨ ਯੂਨਿਸ ਦੀ ਇਕ ਰਿਹਾਇਸ਼ੀ ਇਮਾਰਤ ਸਮੇਤ ਹੋਰ ਥਾਵਾਂ 'ਤੇ ਇਜ਼ਰਾਈਲ ਨੇ ਬੰਬਾਰੀ ਕੀਤੀ। ਨਾਸਿਰ ਹਸਪਤਾਲ ਦੇ ਡਾਕਟਰਾਂ ਦਾ ਦਾਅਵਾ ਹੈ ਕਿ ਉਥੇ ਘੱਟੋ ਘੱਟ 12 ਲਾਸ਼ਾਂ ਅਤੇ ਜ਼ਖ਼ਮੀ ਹਾਲਤ 'ਚ 40 ਵਿਅਕਤੀ ਪਹੁੰਚੇ ਹਨ। ਇਹ ਬੰਬਾਰੀ ਉਸ ਸਮੇਂ ਹੋਈ ਹੈ ਜਦੋਂ ਇਜ਼ਰਾਈਲ ਨੇ ਬੁੱਧਵਾਰ ਨੂੰ ਮਿਸਰ ਨੂੰ ਗਾਜ਼ਾ 'ਚ ਸੀਮਤ ਮਾਨਵੀ ਸਹਾਇਤਾ ਭੇਜਣ ਦੀ ਇਜਾਜ਼ਤ ਦਿੱਤੀ ਹੈ। ਗਾਜ਼ਾ ਦੇ 23 ਲੱਖ ਲੋਕਾਂ 'ਚੋਂ ਬਹੁਤੇ ਦਿਨ 'ਚ ਇਕ ਸਮੇਂ ਦਾ ਖਾਣਾ ਖਾ ਰਹੇ ਹਨ ਅਤੇ ਗੰਦਾ ਪਾਣੀ ਪੀਣ ਲਈ ਮਜਬੂਰ ਹਨ। ਗਾਜ਼ਾ ਸਿਟੀ 'ਚ 10 ਲੱਖ ਤੋਂ ਜ਼ਿਆਦਾ ਫਲਸਤੀਨੀ ਆਪਣਾ ਘਰ-ਬਾਰ ਛੱਡ ਕੇ ਹੋਰ ਥਾਵਾਂ 'ਤੇ ਚਲੇ ਗਏ ਹਨ। ਬਹੁਤੇ ਲੋਕ ਸੰਯੁਕਤ ਰਾਸ਼ਟਰ ਵੱਲੋਂ ਚਲਾਏ ਜਾ ਰਹੇ ਸਕੂਲਾਂ ਜਾਂ ਰਿਸ਼ਤੇਦਾਰਾਂ ਦੇ ਘਰਾਂ 'ਚ ਰਹਿਣ ਲੱਗ ਪਏ ਹਨ। ਖਾਨ ਯੂਨਿਸ 'ਚ ਇਮਾਰਤ ਦੇ ਮਲਬੇ 'ਚੋਂ ਲੋਕਾਂ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਜਾਰੀ ਸਨ। ਮਲਬੇ ਹੇਠਾਂ ਕਈ ਲੋਕਾਂ ਦੇ ਫਸਣ ਦਾ ਖ਼ਦਸ਼ਾ ਜਤਾਇਆ ਗਿਆ ਹੈ। ਗਾਜ਼ਾ 'ਚ ਹਮਾਸ ਦੀ ਅਗਵਾਈ ਹੇਠਲੀ ਸਰਕਾਰ ਨੇ ਕਿਹਾ ਕਿ ਇਲਾਕੇ 'ਚ ਹਮਲੇ ਨਾਲ ਕਈ ਬੇਕਰੀਆਂ ਵੀ ਤਬਾਹ ਹੋ ਗਈਆਂ ਹਨ। ਇਜ਼ਰਾਇਲੀ ਫ਼ੌਜ ਨੇ ਕਿਹਾ ਕਿ ਮਿਸਰ ਦੀ ਸਰਹੱਦ ਨੇੜੇ ਰਾਫਾ 'ਚ ਫਲਸਤੀਨ ਦਾ ਇਕ ਚੋਟੀ ਦਾ ਦਹਿਸ਼ਤਗਰਦ ਮਾਰਿਆ ਗਿਆ ਜਦਕਿ ਗਾਜ਼ਾ 'ਚ ਸੈਂਕੜੇ ਨਿਸ਼ਾਨੇ ਫੁੰਡੇ ਗਏ ਹਨ। ਇਜ਼ਰਾਈਲ ਮੁਤਾਬਕ ਉਹ ਸਿਰਫ਼ ਹਮਾਸ ਦਹਿਸ਼ਤਗਰਦਾਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਰਹੇ ਹਨ ਜਦਕਿ ਧੜੇ ਦੇ ਆਗੂ ਅਤੇ ਲੜਾਕੇ ਆਮ ਆਬਾਦੀ 'ਚ ਪਨਾਹ ਲੈ ਰਹੇ ਹਨ।



# ਮੋਗਾ 'ਚ ਦੋ ਧਿਰਾਂ ਵਿਚ ਗੋਲੀਬਾਰੀ 'ਚ ਸਰਪੰਚ ਤੇ ਪੰਚ ਦੀ ਮੌਤ

ਮੋਗਾ-ਇਥੇ ਥਾਣਾ ਕੋਟ ਈਸੇ ਖਾਂ ਅਧੀਨ ਪਿੰਡ ਖੋਸਾ ਕੋਟਲਾ ਵਿੱਚ ਦੋ ਧਿਰਾਂ ਨੇ ਅੱਜ ਸਵੇਰੇ ਫ਼ਿਲਮੀ ਅੰਦਾਜ਼ ਵਿੱਚ ਸਮਾਂ ਤੇ ਸਥਾਨ ਮਿਥ ਕੇ ਆਹਮੋ-ਸਾਹਮਣੇ ਗੋਲੀਬਾਰੀ ਕੀਤੀ। ਇਸ ਵਿਚ ਕਾਂਗਰਸ ਪਾਰਟੀ ਨਾਲ ਸਬੰਧਤ ਮੌਜੂਦਾ ਸਰਪੰਚ ਤੇ ਇੱਕ ਪੰਚ ਦੀ ਗੋਲੀਆਂ ਲੱਗਣ ਕਾਰਨ ਮੌਤ ਹੋ ਗਈ ਅਤੇ ਦੂਜੀ ਧਿਰ ਦਾ ਪਿਉ-ਪੁੱਤ ਤੇ ਪਿੰਡ ਦਾ ਚੌਕੀਦਾਰ ਗੰਭੀਰ ਜ਼ਖ਼ਮੀ ਹੋ ਗਏ। ਦੱਸਿਆ ਜਾ ਰਿਹਾ ਹੈ ਕਿ ਦੋਵਾਂ ਧਿਰਾਂ ਵਿੱਚ ਵਟਸਐਪ ਗਰੁੱਪ 'ਤੇ ਦੂਸ਼ਣਬਾਜ਼ੀ ਮਗਰੋਂ ਅੱਜ ਸਵੇਰੇ ਅੱਠ ਵਜੇ ਸਮਾਂ ਅਤੇ ਸਥਾਨ ਤੈਅ ਕੀਤਾ ਗਿਆ ਸੀ। ਡੀਐੱਸਪੀ ਧਰਮਕੋਟ ਰਵਿੰਦਰ ਸਿਘ ਅਤੇ ਥਾਣਾ ਕੋਟ ਈਸੇ ਖਾਂ ਮੁਖੀ ਇੰਸਪੈਕਟਰ ਇਕਬਾਲ ਹੁਸੈਨ ਨੇ ਕਿਹਾ ਕਿ ਦੋਵਾਂ ਧਿਰਾਂ ਵਿਚ ਪਹਿਲਾਂ ਤੋਂ ਰੰਜਿਸ਼ ਚੱਲੀ ਆ ਰਹੀ ਸੀ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕਾਂ ਦੀ ਪਛਾਣ ਵੀਰ ਸਿੰਘ (ਸਰਪੰਚ) ਅਤੇ ਰਣਜੀਤ ਸਿੰਘ (ਪੰਚ) ਵਜੋਂ ਹੋਈ ਹੈ।

# ਗੋਲੀਬਾਰੀ ਦੀ ਘਟਨਾ ਵਿੱਚ ਹਮਲਾਵਰ ਸਣੇ ਚਾਰ ਹਲਾਕ

ਟਾਪੇਨਿਸ਼ (ਅਮਰੀਕਾ)-ਕੇਂਦਰੀ ਵਾਸ਼ਿੰਗਟਨ ਵਿੱਚ 19 ਸਾਲਾ ਇੱਕ ਹਮਲਾਵਰ ਨੇ ਚਾਰ ਵਿਅਕਤੀਆਂ ਨੂੰ ਗੋਲੀ ਮਾਰ ਦਿੱਤੀ ਜਿਸ ਵਿੱਚ ਤਿੰਨ ਜਣਿਆਂ ਦੀ ਮੌਤ ਹੋ ਗਈ। ਇਸ ਮਗਰੋਂ ਹਮਲਾਵਰ ਨੇ ਖ਼ੁਦ ਵੀ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਟਾਪੇਨਿਸ਼ ਪੁਲੀਸ ਮੁਖੀ ਜੌਨ ਕਲੇਰੀ ਨੇ ਦੱਸਿਆ ਕਿ ਹਮਲਾਵਰ ਨੇ ਸਵੇਰੇ ਪੰਜ ਵਜੇ ਇਥੇ ਇੱਕ ਘਰ ਵਿੱਚ 13 ਸਾਲਾ ਨਾਬਾਲਗ ਅਤੇ 18 ਤੇ 21 ਸਾਲ ਦੀਆਂ ਦੋ ਲੜਕੀਆਂ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਹਮਲਾਵਰ ਨੇ 21 ਸਾਲ ਦੇ ਇੱਕ ਹੋਰ ਨੌਜਵਾਨ ਨੂੰ ਵੀ ਗੋਲੀ ਮਾਰ ਦਿੱਤੀ। ਨੌਜਵਾਨ ਜ਼ੇਰੇ ਇਲਾਜ ਹੈ ਅਤੇ ਉਸ ਦੀ ਹਾਲਤ ਗੰਭੀਰ ਹੈ।

# ਇਜ਼ਰਾਈਲ 'ਤੇ ਹਮਲੇ ਲਈ ਹਮਾਸ ਨੇ ਉੱਤਰੀ ਕੋਰੀਆ ਦੇ ਕੁਝ ਹਥਿਆਰ ਵਰਤੇ

ਸਿਓਲ: ਜ਼ਬਤ ਕੀਤੇ ਗਏ ਹਥਿਆਰਾਂ ਅਤੇ ਅਤਿਵਾਦੀਆਂ ਦੇ ਵੀਡੀਓ ਤੋਂ ਖ਼ੁਲਾਸਾ ਹੋਇਆ ਹੈ ਕਿ ਹਮਾਸ ਦੇ ਲੜਾਕਿਆਂ ਨੇ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਲੇ ਲਈ ਉੱਤਰੀ ਕੋਰੀਆ ਦੇ ਕੁਝ ਹਥਿਆਰਾਂ ਦੀ ਵਰਤੋਂ ਕੀਤੀ ਸੀ। ਉਂਜ ਉੱਤਰੀ ਕੋਰੀਆ ਨੇ ਦਹਿਸ਼ਤੀ ਗੁੱਟ ਨੂੰ ਹਥਿਆਰ ਮੁਹੱਈਆ ਕਰਾਉਣ ਦੇ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਹਮਾਸ 'ਤੇ ਪਯੋਂਗਯੈਂਗ ਦੇ ਐੱਫ-7 ਆਰਪੀਜੀ ਵਰਤਣ ਦਾ ਦਾਅਵਾ ਕੀਤਾ ਗਿਆ ਹੈ। ਹਥਿਆਰਾਂ ਦੇ ਮਾਹਿਰ ਐੱਨ ਆਰ ਜੇਨਜ਼ੇਨ-ਜੋਨਸ ਨੇ ਖ਼ਬਰ ਏਜੰਸੀ ਨੂੰ ਕਿਹਾ ਕਿ ਉੱਤਰੀ ਕੋਰੀਆ ਲੰਬੇ ਸਮੇਂ ਤੋਂ ਫਲਸਤੀਨੀ ਦਹਿਸ਼ਤੀ ਗੁੱਟ ਨੂੰ ਹਮਾਇਤ ਦਿੰਦਾ ਆ ਰਿਹਾ ਹੈ ਅਤੇ ਉਸ ਦੇ ਹਥਿਆਰ ਸੀਰੀਆ, ਇਰਾਕ, ਲਬਿਨਾਨ ਅਤੇ ਗਾਜ਼ਾ ਪੱਟੀ 'ਚ ਮਿਲੇ ਹਨ।

Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

# ਬੰਗਾ ਨਿਵਾਸੀਆਂ ਨੇ 25ਵਾਂ ਸਾਲਾਨਾ ਜੋੜ ਮੇਲਾ ਕਰਵਾਇਆ

ਸਰੀ-ਰੇਸ਼ਮ ਸਿੰਘ ਮਾਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੰਗਾ ਰੈਜੀਡੈਂਟ ਐਸੋਸੀਏਸ਼ਨ 1998 ਹੋਂਦ 'ਚ ਆਈ ਵੈਨਕੂਵਰ ਬੀ.ਸੀ. ਦੇ ਆਲੇ ਦੁਆਲੇ ਵਸੇ ਹੋਏ ਪਰਿਵਾਰ ਜਿਨ੍ਹਾਂ ਦਾ ਪਿਛੋਕੜ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਾਲ ਜੁੜਦਾ ਹੈ ਨੇ ਉੱਦਮ ਕਰਕੇ ਇਸ ਐਸੋਸੀਏਸ਼ਨ ਦਾ ਮੁੱਢ ਬੰਨ੍ਹਿਆ ਅਤੇ ਇਹ ਐਸੋਸੀਏਸ਼ਨ ਹਮੇਸ਼ਾ ਬੰਗਾ ਨਿਵਾਸੀਆਂ ਨੂੰ ਇਕੱਠਾ ਕਰਨ ਵਿਚ ਯਤਨਸ਼ੀਲ ਰਹਿੰਦੀ ਹੈ ਅਤੇ ਹਰ ਸਾਲ ਇਸ ਮੰਤਵ ਲਈ ਪ੍ਰੋਗਰਾਮ ਉਲੀਕਦੀ ਰਹਿੰਦੀ ਹੈ ਤਾਂ ਕਿ ਸਮੂਹ ਨਗਰ ਨਿਵਾਸੀ ਅਤੇ ਪਿਛੋਕੜ ਨਾਲ ਜੁੜੇ ਰਹਿਣ। ਇਸ ਕਰਕੇ ਇਹ ਉਪਰਾਲਾ ਪਿਛਲੇ 25 ਸਾਲਾਂ ਤੋਂ ਲਗਾਤਾਰ ਚੱਲਿਆ ਆ ਰਿਹਾ ਹੈ। ਇਸੇ ਉੱਦਮ ਨੂੰ ਮੁੱਖ ਰੱਖ ਕੇ ਇਸ ਸਾਲ ਬਰੁੱਕਸਾਈਡ ਗੁਰੂ ਘਰ ਸਰੀ ਵਿਚ ਅਖੰਡ ਪਾਠ ਸਾਹਿਬ 6 ਅਕਤੂਬਰ ਨੂੰ ਪ੍ਰਾਰੰਭ ਕਰਵਾਏ ਗਏ ਅਤੇ ਭੋਗ 9 ਅਕਤੂਬਰ ਐਤਵਾਰ ਨੂੰ ਪਾਉਣ ਉਪਰੰਤ ਲੰਗਰ ਅਤੇ ਕੀਰਤਨ ਦੀ ਸੇਵਾ ਕੀਤੀ ਗਈ। ਬੰਗਾ ਰੈਜ਼ੀਡੈਂਟ ਐਸੋਸੀਏਸ਼ਨ ਆਪਣੀ ਜਨਮ ਭੂਮੀ ਆਪਣੇ ਸੱਭਿਆਚਾਰ ਆਪਣਾ ਸ਼ਰੀਕਾ ਭਾਈਚਾਰਾ ਅਤੇ ਆਪਣੇ ਪਛੋਕੜ ਦੀ ਪਹਿਚਾਣ ਕਰਨ ਵਿਚ ਕੈਨੇਡਾ ਵੱਸਦੀ ਨਵੀਂ ਪੀੜ੍ਹੀ ਨੂੰ ਇਸ ਦੀ ਪਹਿਚਾਣ ਕਰਵਾਉਣ ਵਿਚ ਸਹਾਈ ਰਹਿੰਦੀ ਹੈ। ਬੰਗਾ ਦੇ ਬਾਨੀ ਮਹਾਂਪੁਰਸ਼ ਬਾਬਾ ਗੋਲਾ ਜੀ ਸਨ ਜਿਨ੍ਹਾਂ ਦੇ ਪਿਤਾ ਜੀ ਛੇਵੀਂ ਪਾਤਸ਼ਾਹੀ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਗੁਰੂ ਘਰ ਦੇ ਸ਼ਰਧਾਲੂ ਸਨ ਅਤੇ ਕੀਰਤਪੁਰ ਸਾਹਿਬ ਗੁਰੂ ਘਰ ਦੇ ਫੌਜੀ ਦਸਤਿਆਂ ਵਿਚ ਭਾਗ ਲੈਂਦੇ ਰਹੇ ਸਨ ਅਤੇ ਗੁਰੂ ਘਰ ਦੇ ਲੰਗਰਾਂ ਦੀ ਸੇਵਾ ਵਿਚ ਸ਼ਮੂਲੀਅਤ ਕਰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਮਸੰਦਾ ਦੀ ਪ੍ਰੰਪਰਾ ਖ਼ਤਮ ਕੀਤੀ ਉਸ ਸਮੇਂ ਉਨ੍ਹਾਂ ਨੇ ਇਨ੍ਹਾਂ ਨੂੰ ਵੀ ਅਨੰਦਪੁਰ ਤੋਂ ਚਲੇ ਜਾਣ ਲਈ ਕਿਹਾ ਤਾਂ ਬਾਬਾ ਜੀ ਬੇਨਤੀ ਕੀਤੀ ਕਿ ਮਹਾਰਾਜ ਜੀ ਮੈਂ ਬਚਪਨ ਤੋਂ ਆਪ ਦੇ ਦਰਬਾਰ ਵਿਚ ਹਾਂ ਮੈਂ ਤਾਂ ਆਪ ਦਾ ਗੋਲਾ ਹਾਂ। ਮਹਾਰਾਜ ਨੇ ਹੁਕਮ ਕਰ ਦਿੱਤਾ ਕਿ ਅਨੰਦਪੁਰ ਸਾਹਿਬ ਵਿਚ ਕੋਈ ਵੀ ਮਸੰਦ ਨਹੀਂ ਰਹਿ ਸਕਦਾ ਇਸ ਕਰਕੇ ਮਹਾਰਾਜ ਨੇ ਬਾਬਾ ਜੀ ਨੂੰ ਕੁਝ ਰਾਸ਼ਣਪਾਣੀ ਅਤੇ ਇਕ ਬਲਦ ਦੇ ਕੇ ਅਸ਼ੀਰਵਾਦ ਦਿੱਤੀ ਤੇ ਕਿਹਾ ਕਿ ਜਾਓ ਜਿੱਥੇ ਇਹ ਬੱਲਦ ਬੈਠੇਗਾ ਉੱਥੇ ਹੀ ਰਹਿਣਾ ਅਤੇ ਸਿੱਖੀ ਦਾ ਪ੍ਰਚਾਰ ਕਰਨਾ। ਬਾਬਾ ਜੀ ਇੱਥੇ ਹੀ ਰਹੇ। ਪਹਿਲਾਂ ਪਹਿਲ ਇਸ ਜਗ੍ਹਾਹ ਨੂੰ ਗੋਲੇ ਦਾ ਬੁੰਗਾ ਕਹਿੰਦੇ ਸਨ ਤੇ ਸਹਿਜੇ ਸਹਿਜ ਇਹ ਬੁੰਗੇ ਤੋਂ ਬੰਗਾ ਬਣ ਗਿਆ ਅਤੇ ਇਨ੍ਹਾਂ ਦੇ ਚਾਰ ਪੁੱਤਰ ਜਨਮੇ ਜਿਨ੍ਹਾਂ ਦੇ ਨਾਵਾਂ ਤੇ ਪਿੰਡ ਵਿਚ ਚਾਰ ਪੱਤੀਆਂ ਬਣੀਆਂ ਹਨ। ਪਹਿਲੇ ਬੇਟੇ ਦਾ ਨਾਮ ਬਾਬਾ ਧੂਮ ਸਿੰਘ ਜੀ ਜਿਨ੍ਹਾਂ ਦੇ ਨਾਮ ਤੋਂ ਪੱਤੀ ਸਾਗਰ ਦੂਸਰੇ ਬੇਟੇ ਦਾ ਨਾਮ ਬਾਬਾ ਬੇਗ ਸਿੰਘ ਇਨ੍ਹਾਂ ਨਾਮ ਤੋਂ ਪੱਤੀ ਮਸੰਦਾ ਤੀਸਰੇ ਬੇਟੇ ਦਾ ਨਾਮ ਬਾਬਾ ਦੱਲ ਸਿੰਘ ਅਤੇ ਇਨ੍ਹਾਂ ਦੇ ਨਾਮ ਤੋਂ ਪੱਤੀ ਤੁੰਗਲ ਗੇਟ ਹੈ ਅਤੇ ਚੌਥੇ ਬੇਟੇ ਦਾ ਨਾਮ ਬਾਬਾ ਨਰ ਸਿੰਘ ਸੀ ਉਨ੍ਹਾਂ ਦੇ ਘਰ ਪ੍ਰਮਾਤਮਾ ਦੇ ਇਕ ਬੱਚੀ ਬਖਸ਼ੀ ਇਸ ਕਰਕੇ ਨਾਨਕਿਆਂ ਦੀ ਢੇਰੀ ਤੋਂ ਇਸ ਪੱਤੀ ਦਾ ਨਾਮ ਚੌਧਰੀਆਂ ਦੀ ਪੱਤੀ ਹੋ ਪਿਆ। ਬਾਬਾ ਜੀ ਦੀ ਯਾਦ ਵਿਚ ਨਗਰ ਦੇ ਵਿਚਕਾਰ ਇਕ ਉੱਚੀ ਦਿੱਖ ਵਾਲਾ ਗੁਰਦੁਆਰਾ ਉਸਾਰਿਆ ਗਿਆ ਹੈ ਜੋ ਕਿ ਸਾਰੇ ਨਗਰ ਵਿਚ ਨਿਆਰੀ ਦਿੱਖ ਰੱਖਦਾ ਹੈ। ਬਾਬਾ ਜੀ ਬਹੁਤ ਨਿੱਘੀ ਸ਼ਖਸੀਅਤ ਦੇ ਮਾਲਕ ਸਨ ਅਤੇ ਸਾਰੇ ਇਲਾਕੇ ਦੀਆਂ ਸੰਗਤਾਂ ਵਿਚ ਉਨ੍ਹਾਂ ਦਾ ਸਤਿਕਾਰ ਕੀਤਾ ਜਾਂਦਾ ਹੈ। ਬਾਬਾ ਜੀ ਨੇ ਇਸ ਇਲਾਕੇ ਵਿਚ ਸਿੱਖੀ ਪ੍ਰਚਾਰ ਵਿਚ ਬਹੁਤ ਸਾਰੇ ਉਪਰਾਲੇ ਕੀਤੇ ਅਤੇ ਸਿੱਖੀ ਨੂੰ ਪ੍ਰਫੁੱਲਤ ਕੀਤਾ। ਸਾਰੀ ਸੰਗਤ ਨੇ ਇਸ ਦਿਹਾੜੇ ਨੂੰ ਖੁਸ਼ੀਆਂ ਨਾਲ ਮਨਾਇਆ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਪ੍ਰਬੰਧਕ ਸੱਜਣਾਂ ਨੇ ਨਵੇਂ ਪ੍ਰੋਗਰਾਮ ਉਲੀਕੇ ਅਤੇ ਰੇਸ਼ਮ ਸਿੰਘ ਮਾਨ, ਅਵਤਾਰ ਸਿੰਘ ਮਾਨ, ਬਲਰਾਜ ਸਿੰਘ ਮਾਨ, ਦਲਜੀਤ ਸਿੰਘ ਮਾਨ, ਮਨਜੀਤ ਸਿੰਘ ਮਾਨ, ਰਣਧੀਰ ਸਿੰਘ ਮਾਨ, ਝਲਮਣ ਸਿੰਘ ਸਿੱਧੂ, ਜਗਦੀਪ ਸਿੰਘ ਮਾਨ, ਤਰਲੋਚ ਨਸਿੰਘ ਮਾਨ, ਮਨਤੇਜ ਸਿੰਘ ਢਿੱਲੋਂ, ਰਾਜੇਸ਼ ਅੰਸਲ, ਮੋਹਨ ਸਿੰਘ ਮਾਨ, ਡਾ. ਜਸਵੀਰ ਸਿੰਘ ਮਾਨ ਵੱਲੋਂ ਸ਼ੁਰੂ ਕੀਤੇ ਗਏ ਉੱਦਮ ਜਿਹੜਾ ਕਿ ਬੰਗਿਆਂ ਦੇ ਇਤਿਹਾਸ ਬਾਰੇ ਇਕ ਬੁੱਕ ਛਪਾਉਣ ਦਾ ਬੀੜਾ ਚੁੱਕਿਆ ਸੀ ਨੂੰ ਸਿਰੇ ਲਾਉਣ ਲਈ ਸਾਰਿਆਂ ਨੇ ਰੱਲ ਕੇ ਇਸ ਪ੍ਰੋਜੈਕਟ ਨੂੰ ਸਿਰੇ ਚਾੜਨ ਲਈ ਬਚਨ ਕੀਤੇ ਅਤੇ ਸਾਰੇ ਆਏ ਸੱਜਣਾਂ ਜਿਨ੍ਹਾਂ ਨੇ ਤਨ ਮਨ ਅਤੇ ਧਨ ਨਾਲ ਸੇਵਾ ਕੀਤੀ ਦਾ ਤਹਿ ਦਿੱਲੋਂ ਧੰਨਵਾਦ ਕੀਤਾ ਗਿਆ।




## ਸਟ੍ਰੋਕ ਦੇ ਲੱਛਣਾਂ ਬਾਰੇ ਜਾਣੋ

**F** **Face ਚਿਹਰਾ:**
ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A** **Arms ਬਾਹਵਾਂ:**
ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S** **Speech ਗੱਲ-ਬਾਤ:**
ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?ਤੁਹਾਡੀ ਗੱਲ-ਬਾਤ ਅਸਪਸ਼

**T** **Time ਸਮਾ:**
ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ.

ਸਟ੍ਰੋਕ ਨੂੰ ਹਰਾਓ।
9-1-1 'ਤੇ ਜਲਦੀ ਕਾਲ ਕਰੋ
heartandstroke.ca/punjabi

© Heart and Stroke Foundation of Canada, 2023 | ™ The heart and / icon on its own and the heart and / icon followed by another icon or words are trademarks of the Heart and Stroke Foundation of Canada.

Heart &Stroke™

BRITISH COLUMBIA
Supported by the Province of British Columbia






mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
Call today to get started
SANJEEV KATYAL
604.767.5194
info@katyalmortgage.ca
invis
Canada's Mortgage Experts™
MORTGAGE INTELLIGENCE®
WWW.KATYALMORTGAGE.CA


THE AMAZING
BRENTWOOD
A SHAPE CENTRE
Live above your every craving.
LIMITED TIME OFFER
15% DOWN
OVER 2.5 YEARS*
YOUR CHEF-GRADE,
MIELE KITCHEN UPSTAIRS
32 AMAZING
EATERIES DOWNSTAIRS
TOWER SIX
PRESENTATION CENTRE & SHOW HOMES
NEIGHBOURHOOD TWO
HALIFAX ST
FUTURE RETAIL AND NEIGHBOURHOODS
WILLINGDON AVE
NEIGHBOURHOOD ONE
LOUGHEED HWY
TOWER SIX HOMES - NOW SELLING
THEAMAZINGBRENTWOOD.COM
VISIT US TODAY | OPEN 12-6PM DAILY (CLOSED FRIDAYS)
301-4567 LOUGHEED HWY, BURNABY
604.563.8386
SHAPE
SALES & MARKETING BY SHAPE MARKETING
*Limited time offer and cannot be combined with any other promotional offer or discount. This promotion may be cancelled or change any time without notice. The information contained herein is subject to change without notice. Please see a representative for more details. This is not an offering for sale. Any such offering may be made only with a disclosure statement. Errors and Omissions Excepted.

# ਪੰਜਾਬੀ ਸਾਹਿਤ, ਚੇਤਨਾ ਤੇ ਪਰਵਾਸ ਸੰਬੰਧੀ ਕਈ ਸਵਾਲਾਂ ਦੇ ਰੂਬਰੂ ਪੰਜਾਬ ਭਵਨ ਸਰੀ ਦੀ ਕੌਮਾਂਤਰੀ ਕਾਨਫਰੰਸ ਸਮਾਪਤ

## ਪ੍ਰਸਿੱਧ ਸਾਹਿਤਕਾਰਾਂ, ਬੁੱਧੀਜੀਵੀਆਂ ਤੇ ਵੱਡੀ ਗਿਣਤੀ 'ਚ ਪੰਜਾਬੀ ਪ੍ਰੇਮੀਆਂ ਹਾਜ਼ਰੀ ਭਰੀ

ਸਰੀ, (ਜੋਗਿੰਦਰ ਸਿੰਘ)-ਪੰਜਾਬ ਭਵਨ ਸਰੀ ਦੀ ਦੋ ਦਿਨਾਂ ਕੌਮਾਂਤਰੀ ਪੰਜਾਬੀ ਕਾਨਫਰੰਸ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਸਿਰਮੌਰ ਰੁਤਬੇ ਨੂੰ ਬਰਕਰਾਰ ਰੱਖਣ, ਪੰਜਾਬੀ ਸਾਹਿਤ ਤੇ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਤੇ ਇਸ ਪਾਸੇ ਨਵੀਆਂ ਯੋਜਨਾਵਾਂ ਉਲੀਕਦੀ, ਨਵੀਂ ਪੀੜੀ ਨੂੰ ਆਪਣੇ ਅਮੀਰ ਤੇ ਗੌਰਵਮਈ ਵਿਰਸੇ ਨਾਲ ਜੁੜੇ ਰਹਿਣ ਅਤੇ ਪੰਜਾਬ ਤੇ ਵਿਦੇਸ਼ਾਂ 'ਚ ਬੈਠੇ ਪੰਜਾਬੀ ਨੌਜਵਾਨਾਂ ਦੇ ਭਵਿੱਖ ਨੂੰ ਰੌਸ਼ਨ ਬਣਾਉਣ ਦਾ ਸੱਦਾ ਦਿੰਦੀ ਅਤੇ ਮਹਿਲਾਵਾਂ ਦੀ ਬਰਾਬਰਤਾ ਦੀ ਗੱਲ ਕਰਦੀ ਅਤੇ ਵਿਦੇਸ਼ਾਂ 'ਚ ਬੈਠੇ ਪੰਜਾਬੀਆਂ ਨੂੰ ਆਪਣੇ ਵਤਨ, ਪਿੰਡਾਂ ਤੇ ਸਹਿਰਾਂ ਤੇ ਭਾਈਚਾਰੇ ਦਾ ਸੁਨੇਹਾ ਦੇਣ ਸਮੇਤ ਦੋਵਾਂ ਪੰਜਾਬਾਂ ਦੀ ਆਪਸੀ ਸਾਂਝ ਤੇ ਸਰਹੱਦਾਂ ਉਪਰ ਸ਼ਾਂਤੀ ਤੇ ਦੁਨੀਆਂ ਭਰ ਦੀ ਲੋਕਾਈ ਦੀ ਭਲਾਈ ਦਾ ਸੁਨੇਹਾ ਦਿੰਦੀ ਜਿਥੇ ਯਾਦਗਾਰੀ ਹੋ ਨਿੱਬੜੀ ਉਥੇ ਅਗਲੇ ਸਾਲ ਮਿਲਣ ਦਾ ਵਾਅਦਾ ਕਰਦੀ ਸਮਾਪਤ ਹੋ ਗਈ। ਪੰਜਾਬ ਭਵਨ ਵਲੋਂ ਇਥੋਂ ਦੀ ਤਾਜ ਪਾਰਕ ਵਿਚ ਕਰਵਾਈ ਗਈ




ਇਸ ਪੰਜਵੀਂ ਕਾਨਫਰੰਸ 'ਚ ਪੰਜਾਬ ਸਮੇਤ ਦੁਨੀਆਂ ਭਰ 'ਚੋਂ ਬੁੱਧੀਜੀਵੀਆਂ, ਸਾਹਿਤਕਾਰਾਂ ਤੇ ਪੰਜਾਬੀ ਪ੍ਰੇਮੀ ਸਰੋਤਿਆਂ ਨੇ ਹਾਜ਼ਰੀ ਭਰੀ। ਇਸ ਕਾਨਫਰੰਸ ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵੀ.ਸੀ. ਡਾ. ਐਸ. ਪੀ. ਸਿੰਘ, ਪਾਕਿਸਤਾਨ ਦੇ ਸਾਬਕਾ ਮੈਂਬਰ ਪਾਰਲੀਮੈਂਟ ਰਾਏ ਅਜੀਜ ਉਲਾ ਖਾਨ, ਡਾ. ਬੀ. ਐਸ. ਘੁੰਮਣ, ਡਾ. ਸਾਧੂ ਸਿੰਘ, ਡਾ. ਗੋਪਾਲ ਸਿੰਘ ਬੁੱਟਰ, ਡਾ ਪਾਲੀ ਭੁਪਿੰਦਰ ਸਿੰਘ, ਡਾ. ਬਬਨੀਤ ਕੌਰ ਸਮੇਤ ਹੋਰ ਸ਼ਖ਼ਸੀਅਤਾਂ ਵਿਸ਼ੇਸ ਤੌਰ 'ਤੇ ਹਾਜ਼ਰ ਸਨ। ਮੁੱਖ ਪ੍ਰਬੰਧਕ ਸੁੱਖੀ ਬਾਠ ਤੇ ਪੰਜਾਬ ਭਵਨ ਦੀ ਟੀਮ ਵਲੋਂ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਪੁੱਜੇ ਮਹਿਮਾਨਾਂ ਦੀ ਮਹਿਮਾਨ ਨਿਵਾਜੀ ਕੀਤੀ ਗਈ ਅਤੇ ਜੀ ਆਇਆ ਆਖਿਆ ਗਿਆ। ਇਸ ਦੋ ਰੋਜ਼ਾ ਕਾਨਫਰੰਸ ਦੌਰਾਨ ਪੰਜਾਬ ਤੋਂ ਪੁੱਜੇ ਪ੍ਰਸਿੱਧ ਚਿੰਤਕ ਪਾਲੀ ਭੁਪਿੰਦਰ ਨੇ ਵੱਖ -ਵੱਖ ਵਿਸਿਆਂ 'ਤੇ ਆਪਣੇ ਪਰਚੇ ਪੜ੍ਹਦਿਆਂ ਪੰਜਾਬ ਤੇ ਪੰਜਾਬੀਆਂ ਨੂੰ ਵਿਕਾਸ ਤੇ ਤਰੱਕੀ ਵੱਲ ਵਧਣ ਦਾ ਸੁਨੇਹਾ ਦਿੱਤਾ। ਉਨ੍ਹਾਂ ਨਵੀਂ ਪੀੜੀ ਸਮੇਤ ਵਿਦੇਸ਼ਾਂ 'ਚ ਬੈਠੇ ਪੰਜਾਬੀਆਂ ਨੂੰ ਆਪਣੇ ਅਮੀਰ ਵਿਰਸੇ ਤੇ ਸੱਭਿਆਚਾਰ ਨਾਲ ਜੁੜੇ ਰਹਿਣ ਦੇ ਨਾਲ -ਨਾਲ ਹਮੇਸ਼ਾ ਆਪਣੀ ਮਿੱਟੀ ਦਾ ਮੋਹ ਮਨਾ 'ਚ ਬਣਾਈ ਰੱਖਣ ਦਾ ਸੱਦਾ ਦਿੱਤਾ। ਪਾਲੀ ਭੁਪਿੰਦਰ ਨੇ ਇਸ ਮਿਲਣੀ ਲਈ ਸੁੱਖੀ ਬਾਠ ਤੇ ਟੀਮ ਦਾ ਧੰਨਵਾਦ ਵੀ ਕੀਤਾ ਇਸੇ ਦੌਰਾਨ ਹੀ ਪਾਕਿਸਤਾਨ ਤੋਂ ਪੁੱਜੇ ਬਾਬਾ ਨਜਮੀ ਨੇ ਮਾਂ ਬੋਲੀ ਪੰਜਾਬੀ ਨੂੰ ਨਵੀਆਂ ਪੀੜੀਆਂ ਤੱਕ ਪਹੁੰਚਾਉਣ ਲਈ ਅਜਿਹੇ ਸਮਾਗਮ ਸਮੇਂ ਦੀ ਲੋੜ ਦੱਸਿਆ। ਉਨ੍ਹਾਂ ਕਿਰਤੀਆਂ ਤੇ ਕਾਮਿਆਂ ਦੇ ਹੱਕਾਂ ਲਈ ਬੇਬਾਕੀ ਨਾਲ ਲਿਖੀਆਂ ਆਪਣੀਆਂ ਰਚਨਾਵਾਂ ਵੀ ਪੜੀਆਂ। ਕਵਿਤਾਵਾਂ ਦੇ ਦੌਰ ਦੌਰਾਨ ਤਾਹਿਰਾ ਸਰਾ, ਗੁਰਤੇਜ ਕੋਹਾਰਵਾਲਾ, ਡਾ. ਕਰਨੈਲ ਸਿੰਘ, ਸੁਖਵਿੰਦਰ ਅੰਮ੍ਰਿਤ, ਡਾ. ਗੁਰਮਿੰਦਰ ਸਿੱਧੂ, ਸੁਰਜੀਤ ਕੌਰ ਟਰਾਂਟੋ, ਇੰਦਰਜੀਤ ਧਾਮੀ ਸਮੇਤ ਹੋਰ ਨਾਮੀ ਕਵੀਆਂ ਨੇ ਆਪਣੀਆਂ ਰਚਨਾਵਾਂ ਪੜੀਆਂ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਕੈਨੇਡਾ ਪੜ੍ਹਾਈ ਲਈ ਪੁੱਜੇ ਵਿਦਿਆਰਥੀਆਂ ਦੇ ਹੱਕਾਂ ਤੇ ਹਿੱਤਾਂ ਲਈ ਸਰਕਾਰ ਪਾਸੋਂ ਕਦਮਾਂ ਦੇ ਨਾਲ ਪੰਜਾਬੀ ਭਾਈਚਾਰੇ ਪਾਸੋਂ ਵੀ ਸਹਿਯੋਗ ਮੰਗਿਆ। ਉਨ੍ਹਾਂ ਵਿਦਿਆਰਥੀਆਂ ਨੂੰ ਵੀ ਹੱਕਾਂ ਦੇ ਨਾਲ ਜਿੰਮੇਵਾਰੀਆਂ ਪਹਿਚਾਨਣ ਸੱਦਾ ਦਿੱਤਾ। ਇਸ ਮੌਕੇ ਵੱਖ -ਵੱਖ ਬੁਲਾਰਿਆਂ ਨੇ ਪੰਜਾਬੀ ਬੋਲੀ, ਚੇਤਨਤਾ ਅਤੇ ਪਰਵਾਸ ਬਾਰੇ ਬੌਧਿਕਤਾ ਭਰਪੂਰ ਪਰਚੇ ਪੜੇ। ਪ੍ਰਸਿੱਧ ਨਾਟਕਕਾਰ ਡਾ. ਸਾਹਿਬ ਸਿੰਘ ਨੇ ਦੋਵੇਂ ਦਿਨ ਆਪਣੇ ਨਾਟਕਾਂ ਸੰਦੂਕੜੀ ਖੋਹਲ ਨਰੈਣਿਆਂ ਅਤੇ ਲੱਛੂ ਕਬਾੜੀਆ ਦੀ ਸਫ਼ਲ ਪੇਸ਼ਕਾਰੀ ਦੌਰਾਨ ਵਿਦੇਸ਼ਾਂ 'ਚ ਵਸੇ ਪੰਜਾਬੀਆਂ ਨੂੰ ਸੁਨੇਹਾ ਦਿੱਤਾ ਅਤੇ ਵਿਦੇਸ਼ਾਂ 'ਚ ਪਰਵਾਸ ਕਰਕੇ ਪੁੱਜੇ ਰਹੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਉਭਾਰੀਆਂ। ਇਸ ਮੌਕੇ ਉਘੇ ਸਾਹਿਤਕਾਰ ਨਦੀਮ ਪਰਮਾਰ, ਸੁੱਚਾ ਸਿੰਘ ਕਲੇਰ ਤੇ ਮਨਜੀਤ ਗਿੱਲ ਨੂੰ 'ਅਰਜਨ ਸਿੰਘ ਬਾਠ' ਯਾਦਗਾਰੀ ਐਵਾਰਡ ਨਾਲ ਸਨਮਾਨਿਆ ਗਿਆ। ਉਘੇ ਲੇਖਕ ਕਵਿੰਦਰ ਚਾਂਦ ਅਤੇ ਅਮਰੀਕ ਪਲਾਹੀ ਨੇ ਸ਼ਾਇਰੀ ਤੇ ਵਿਲੱਖਣ ਅੰਦਾਜ 'ਚ ਬਾਖੂਬੀ ਸਟੇਜ ਸੰਚਾਲਨ ਕੀਤਾ। ਸੁੱਖੀ ਬਾਠ ਸਮੇਤ ਟੀਮ ਵਲੋਂ ਵੱਖ ਵੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸਟੇਜ ਸੰਚਾਲਨ ਦੌਰਾਨ ਰੂਪ ਦਵਿੰਦਰ ਨਾਹਲ, ਹਰਪ੍ਰੀਤ ਸਿੰਘ, ਪਰਮਿੰਦਰ ਕੌਰ ਸਵੈਚ, ਜਸਵੀਰ ਮੰਗੂਵਾਲ, ਨਵਜੋਤ ਢਿੱਲੋਂ ਤੇ ਜੈਸਮੀਨ ਨੇ ਵੀ ਸਾਥ ਦਿੱਤਾ। ਇਸ ਕਾਨਫਰੰਸ 'ਚ ਵੱਡੀ ਗਿਣਤੀ 'ਚ ਲੇਖਕ, ਕਵੀ ਤੇ ਸਰੀ ਦੇ ਪੰਜਾਬੀ ਪ੍ਰੇਮੀ ਹਾਜ਼ਰ ਰਹੇ। ਦੋਵੇਂ ਦਿਨ ਸਰਬਜੀਤ ਚੀਮਾ ਦੀ ਸੰਸਥਾ ਰੰਗਲਾ ਪੰਜਾਬ ਵਲੋਂ ਭੰਗੜਾ ਪੇਸ਼ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ, ਇੰਦਰਜੀਤ ਕੌਰ ਸਿੱਧੂ, ਕ੍ਰਿਸ਼ਨ ਭਨੋਟ, ਸੁਖਵਿੰਦਰ ਸਿੰਘ ਚੋਹਲਾ ਸੰਪਾਦਕ ਦੇਸ ਪ੍ਰਦੇਸ ਟਾਈਮਜ਼ ,ਜੇ ਮਿਨਹਾਸ, ਬਿੱਲਾ ਸੰਧੂ ਸਾਂਝਾ ਟੀਵੀ, ਦਵਿੰਦਰ ਬੈਨੀਪਾਲ, ਪੱਤਰਕਾਰ ਜੋਗਿੰਦਰ ਸਿੰਘ ਜਗਰਾਉਂ , ਮਹੇਸ਼ਇੰਦਰ ਸਿੰਘ ਮਾਂਗਟ ਪੱਤਰਕਾਰ, ਸੰਦੀਪ ਸਿੰਘ ਧੰਜੂ ਪ੍ਰਤੀਨਿਧ ਰੋਜ਼ਾਨਾ ਅਜੀਤ, ਸੁਰਜੀਤ ਸਿੰਘ ਮਾਧੋਪੁਰੀ, ਬਲਿਹਾਰ ਸਿੰਘ ਲੇਹਲ ਯੂ ਐਸ ਏ, ਕੁਲਜਿੰਦ, ਮਨਧੀਰ ਕੌਰ ਮਨੂ ਵਿੰਨੀਪੈਗ, ਗੁਰਮੀਤ ਸਿੰਘ ਸਿੱਧੂ, ਅੰਗਰੇਜ਼ ਸਿੰਘ ਬਰਾੜ, ਰਾਜਿੰਦਰ ਸਿੰਘ ਪੰਧੇਰ, ਹਰਚੰਦ ਸਿੰਘ ਬਾਗੜੀ, ਪਿਆਰਾ ਸਿੰਘ ਕੁੱਦੋਵਾਲ, ਅੰਮ੍ਰਿਤ ਦੀਵਾਨਾ,ਸੁਰਿੰਦਰ ਚਾਹਲ, ਪਰਮਜੋਤ ਸਿੰਘ, ਵੱਡੀ ਗਿਣਤੀ 'ਚ ਸ਼ਖ਼ਸੀਅਤਾਂ ਹਾਜ਼ਰ ਸਨ।







ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# .ਗ਼ਜ਼ਲ ਮੰਚ ਸਰੀ ਦੀ ਸ਼ਾਇਰਾਨਾ ਸ਼ਾਮ ਨੂੰ ਸੈਂਕੜੇ ਸਰੋਤਿਆਂ ਨੇ ਰੂਹ ਨਾਲ ਮਾਣਿਆ

## .ਗ਼ਜ਼ਲ ਪ੍ਰੇਮੀਆਂ ਦੀ ਮੁਹੱਬਤ ਸ਼ਾਇਰਾਂ ਦੀ ਕਾਵਿ ਉਡਾਰੀ ਨੂੰ ਹੋਰ ਬੁਲੰਦੀਆਂ ਪ੍ਰਦਾਨ ਕਰੇਗੀ-ਜਸਵਿੰਦਰ

ਸਰੀ (ਹਰਦਮ ਮਾਨ)-ਗ਼ਜ਼ਲ ਮੰਚ ਸਰੀ ਵੱਲੋਂ ਸਰੀ ਆਰਟ ਸੈਂਟਰ ਵਿਚ ਖ਼ੂਬਸੂਰਤ ਸ਼ਾਇਰਾਨਾ ਸ਼ਾਮ ਮਨਾਈ ਗਈ। ਚਾਰ ਸੌ ਦੇ ਕਰੀਬ ਸਾਹਿਤਕ ਪ੍ਰੇਮੀਆਂ ਅਤੇ ਸੰਜੀਦਾ ਸ਼ਾਇਰੀ ਦੇ ਕਦਰਦਾਨਾਂ ਨੇ ਇਸ ਸ਼ਾਮ ਵਿਚ ਸ਼ਾਮਲ ਹੋ ਕੇ ਪੰਜਾਬੀ ਸ਼ਾਇਰੀ ਨੂੰ ਰੂਹ ਨਾਲ ਮਾਣਿਆ ਅਤੇ ਹਰ ਇਕ ਸ਼ਾਇਰ ਨੂੰ ਤਾੜੀਆਂ ਦੀ ਭਰਪੂਰ ਦਾਦ ਨਾਲ ਨਿਵਾਜਿਆ। ਇਸ ਸ਼ਾਮ ਦੀ ਪ੍ਰਧਾਨਗੀ ਅਮਰੀਕਾ ਤੋਂ ਆਏ ਨਾਮਵਰ ਸ਼ਾਇਰ ਕੁਲਵਿੰਦਰ, ਪੰਜਾਬ ਤੋਂ ਆਏ 'ਹੁਣ' ਦੇ ਸੰਪਾਦਕ ਸੁਸ਼ੀਲ ਦੁਸਾਂਝ, ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਜਰਮਨੀ ਤੋਂ ਆਈ ਸ਼ਾਇਰਾ ਨੀਲੂ ਜਰਮਨੀ ਅਤੇ ਦਸਮੇਸ਼ ਗਿੱਲ ਫਿਰੋਜ਼ ਨੇ ਕੀਤੀ। ਗ਼ਜ਼ਲ ਮੰਚ ਵੱਲੋਂ ਰਾਜਵੰਤ ਰਾਜ ਨੇ ਹਾਜਰ ਮਹਿਮਾਨਾਂ, ਸਹਿਯੋਗੀਆਂ, ਸ਼ਾਇਰਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਮੰਚ ਦੀਆਂ ਸਰਗਰਮੀਆਂ ਬਾਰੇ ਅਤੇ ਸਹਿਯੋਗੀਆਂ ਬਾਰੇ ਜਾਣਕਾਰੀ ਦਿੱਤੀ। ਫਿਰ ਸ਼ਾਇਰਾਨਾ ਸ਼ਾਮ ਦੇ ਸੰਚਾਲਨ ਦੀ ਜ਼ਿੰਮੇਵਾਰੀ ਸੰਭਾਲਦਿਆਂ ਨਈਮ ਲੱਖਨ ਨੇ ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰਾਂ ਦੇ ਸ਼ਿਅਰਾਂ ਨਾਲ ਦਿਲਕਸ਼ ਕਾਵਿਕ ਮਾਹੌਲ ਸਿਰਜਿਆ। ਡਾ. ਰਣਦੀਪ ਮਲਹੋਤਰਾ ਨੇ ਸ਼ਾਇਰ ਜਸਵਿੰਦਰ ਅਤੇ ਦਵਿੰਦਰ ਗੌਤਮ ਦੀਆਂ ਗ਼ਜ਼ਲਾਂ ਨੂੰ ਆਪਣੇ ਸੁਰੀਲੇ ਸੁਰ ਅਤੇ ਅੰਦਾਜ਼ ਵਿਚ ਗਾ ਕੇ ਸਰੋਤਿਆਂ ਦੀ ਕਾਵਿਕ ਜਗਿਆਸਾ ਨੂੰ ਉਤੇਜਿਤ ਕਰ ਦਿੱਤਾ। ਉਪਰੰਤ ਸ਼ਾਇਰਾਨਾ ਸ਼ਾਮ ਦੇ ਕਵੀਆਂ ਨੇ ਆਪੋ ਆਪਣੇ ਲਹਿਜ਼ੇ ਵਿਚ ਗ਼ਜ਼ਲ ਦੇ ਵੱਖ ਵੱਖ ਰੰਗ ਬਿਖੇਰਦਿਆਂ ਅਜੋਕੀ ਪੰਜਾਬੀ ਗ਼ਜ਼ਲ ਦੇ ਮਿਜ਼ਾਜ਼, ਗਹਿਰਾਈ ਅਤੇ ਵਿਸ਼ਾਲਤਾ ਨਾਲ ਸਰੋਤਿਆਂ ਨੂੰ ਸ਼ਰਸਾਰ ਕੀਤਾ। ਸ਼ਾਇਰ ਜਸਵਿੰਦਰ, ਕੁਲਵਿੰਦਰ, ਕ੍ਰਿਸ਼ਨ ਭਨੋਟ, ਸੁਸ਼ੀਲ ਦੁਸਾਂਝ, ਦਸਮੇਸ਼ ਗਿੱਲ ਫਿਰੋਜ਼, ਹਰਦਮ ਮਾਨ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਦਵਿੰਦਰ ਗੌਤਮ, ਗੁਰਮੀਤ ਸਿੱਧੂ, ਪਾਲ ਢਿੱਲੋਂ, ਸਤੀਸ਼ ਗੁਲਾਟੀ, ਮਨਜੀਤ ਕੰਗ, ਸੁਖਜੀਤ ਕੌਰ, ਨੀਲੂ ਜਰਮਨੀ, ਡਾ. ਗੁਰਮਿੰਦਰ ਸਿੱਧੂ ਅਤੇ ਹਰੀ ਸਿੰਘ ਤਾਤਲਾ ਦੀ ਖ਼ੂਬਸੂਰਤ ਪੇਸ਼ਕਾਰੀ ਨਾਲ ਸਮੁੱਚਾ ਹਾਲ ਕਾਵਿਕ ਖ਼ੁਸ਼ਬੂ ਨਾਲ ਮਹਿਕ ਉੱਠਿਆ। ਸੰਜੇ ਅਰੋੜਾ ਨੇ ਕ੍ਰਿਸ਼ਨ ਭਨੋਟ ਅਤੇ ਜਗੀਰ ਸੱਧਰ ਦੀਆਂ ਗ਼ਜ਼ਲਾਂ ਦੀ ਸੁਰਮਈ ਪੇਸ਼ਕਾਰੀ ਨਾਲ ਖ਼ੂਬ ਵਾਹ ਵਾਹ ਖੱਟੀ। ਇਸ ਖ਼ੂਬਸੂਰਤ ਮਾਹੌਲ ਵਿਚ ਸਰੋਤਿਆਂ ਨੇ ਲੱਗਭੱਗ ਚਾਰ ਘੰਟੇ ਸ਼ਾਇਰੀ ਦੇ ਸਾਗਰ ਵਿਚ ਖ਼ੂਬ ਤਾਰੀਆਂ ਲਾਈਆਂ ਅਤੇ ਗੰਭੀਰ ਸ਼ਾਇਰੀ ਨੂੰ ਬੇਹੱਦ ਪਿਆਰ ਸਤਿਕਾਰ ਦਿੱਤਾ। ਪ੍ਰੋਗਰਾਮ ਦੇ ਸੰਚਾਲਕ ਨਈਮ ਲੱਖਨ ਦੀ ਸ਼ਾਇਰਾਨਾ ਤਬੀਅਤ ਅਤੇ ਪੇਸ਼ਕਾਰੀ ਨੇ ਸਭ ਨੂੰ ਮੋਹ ਲਿਆ। ਅੰਤ ਵਿਚ ਗ਼ਜ਼ਲ ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਗ਼ਜ਼ਲ ਮੰਚ ਦੀ ਸਥਾਪਨਾ, ਉਦੇਸ਼ ਤੇ ਥੋੜ੍ਹੇ ਸਮੇਂ ਵਿਚ ਇਸ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਸ਼ਾਇਰਾਨਾ ਸ਼ਾਮ ਨੂੰ ਭਰਵਾਂ ਹੁੰਗਾਰਾ ਅਤੇ ਸਹਿਯੋਗ ਦੇਣ ਵਾਲੇ ਸਾਰੇ ਸਹਿਯੋਗੀਆਂ, ਕਵੀਆਂ ਅਤੇ ਹਾਜ਼ਰੀਨ ਸਰੋਤਿਆਂ ਦਾ ਦਿਲੀ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਪੰਜਾਬੀ ਸ਼ਾਇਰੀ ਲਈ ਮਾਣਮੱਤੀ ਹੋ ਨਿੱਬੜੀ ਅੱਜ ਦੀ ਸ਼ਾਮ ਦਾ ਸਿਹਰਾ ਅਸਲ ਵਿਚ ਕਵਿਤਾ ਦੇ ਕਦਰਦਾਨ ਸਰੋਤਿਆਂ ਦੇ ਸਿਰ ਬੱਝਦਾ ਹੈ ਅਤੇ ਗ਼ਜ਼ਲ ਦੇ ਪ੍ਰੇਮੀਆਂ ਦੀ ਇਹ ਮੁਹੱਬਤ ਸ਼ਾਇਰਾਂ ਦੀ ਕਾਵਿ ਉਡਾਰੀ ਨੂੰ ਹੋਰ ਬੁਲੰਦੀਆਂ ਪ੍ਰਦਾਨ ਕਰੇਗੀ। ਵਿਸ਼ੇਸ਼ ਸਹਿਯੋਗੀ ਭੁਪਿੰਦਰ ਮੱਲ੍ਹੀ ਨੇ ਖ਼ੂਬਸੂਰਤ ਗ਼ਜ਼ਲ ਮਹਿਫ਼ਿਲ ਸਜਾਉਣ ਲਈ ਗ਼ਜ਼ਲ ਮੰਚ ਸਰੀ ਦੇ ਸ਼ਾਇਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸੁਹਿਰਦ ਸਰੋਤਿਆਂ ਦੇ ਭਰਵੇਂ ਹੁੰਗਾਰੇ ਨੇ ਸਰੀ ਦੇ ਸਾਹਿਤਕ ਖੇਤਰ ਵਿਚ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਇਸ ਮੌਕੇ ਮੰਚ ਵੱਲੋਂ ਮਹਿਮਾਨ ਸ਼ਾਇਰਾਂ ਅਤੇ ਸਹਿਯੋਗੀਆਂ ਨੂੰ ਯਾਦਗਾਰੀ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ।












Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL
Superior Mortgage
Unit 244-8138-128 Street, Surrey
604 507 1000
Our Symbol of Care & Service



ROHITA PANNU LAW CORPORATION




BARRISTER & SOLICITOR
SERVICES
- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

Ph: 604.589.1399
Fax : 604.589.1556
www.rohitapannulaw.com
# 102-9278, 120th St., Surrey, BC V3V 4W8



## ਰਾਮਾਇਣ ਰਚੇਤਾ

# ਭਗਵਾਨ ਵਾਲਮੀਕਿ ਜੀ

ਵਾਲਮੀਕਿ ਰਾਮਾਇਣ ਤੋਂ ਇਲਾਵਾ ਹੋਰ ਕਈ ਰਾਮ ਕਥਾਵਾਂ ਬਾਅਦ 'ਚ ਰਚੀਆਂ ਗਈਆਂ, ਜਿਨ੍ਹਾਂ ਦਾ ਆਧਾਰ ਵਾਲਮੀਕਿ ਰਾਮਾਇਣ ਹੀ ਹੈ ਪਰ ਅਜੋਕੇ ਯੁੱਗ 'ਚ ਸ੍ਰੀ ਰਾਮ ਚਰਿੱਤ ਮਾਨਸ ਆਧਾਰਿਤ ਰਾਮ ਕਥਾ ਦਾ ਪ੍ਰਚਲਣ ਹੈ। ਵਿਦਵਾਨਾਂ ਨੇ ਆਦਿ ਕਵਿ ਤੇ ਕਰੁਣਾ ਦੇ ਸਾਗਰ ਭਗਵਾਨ ਵਾਲਮੀਕਿ ਜੀ ਦੀ ਮਹਾਨਤਾ ਤੇ ਉਨ੍ਹਾਂ ਵੱਲੋਂ ਰਚਿਤ ਮਹਾਨ ਗ੍ਰੰਥ 'ਰਾਮਾਇਣ' ਬਾਰੇ ਖੋਜ ਭਰਪੂਰ ਜਾਣਕਾਰੀਆਂ ਆਪਣੀਆਂ ਰਚਨਾਵਾਂ 'ਚ ਦਿੱਤੀਆਂ ਹਨ। ਭਾਰਤੀ ਸੰਸਕ੍ਰਿਤੀ ਦੇ ਹਜ਼ਾਰਾਂ ਸਾਲ ਪਹਿਲੇ ਯੁੱਗਾਂ ਵਿਚ ਜੋ ਰਿਸ਼ੀ-ਮੁਨੀ, ਪੀਰ-ਪੈਗ਼ੰਬਰ ਤੇ ਭਗਤ ਹੋਏ ਹਨ, ਉਨ੍ਹਾਂ ਵਿੱਚੋਂ ਭਗਵਾਨ ਵਾਲਮੀਕਿ ਜੀ ਦਾ ਸਥਾਨ ਸਰਵਉੱਚ ਮੰਨਿਆ ਜਾਂਦਾ ਹੈ। ਇਸੇ ਕਰਕੇ ਉਹ 'ਮਹਾਰਿਸ਼ੀ' ਕਹੇ ਜਾਂਦੇ ਹਨ। ਰਾਮਾਇਣ ਗ੍ਰੰਥ 24 ਹਜ਼ਾਰ ਸ਼ਲੋਕਾਂ 'ਚ ਰਚਿਤ ਹੈ ਤੇ ਸੰਸਾਰ ਦੀਆਂ ਅਨੇਕਾਂ ਭਾਸ਼ਾਵਾਂ 'ਚ ਅਨੁਵਾਦਿਤ ਹੈ। ਇਸ ਤੱਥ ਦੀ ਵੀ ਜਾਣਕਾਰੀ ਮਿਲਦੀ ਹੈ ਕਿ ਬਾਦਸ਼ਾਹ ਅਕਬਰ ਨੇ ਆਪਣੇ ਦਰਬਾਰੀ ਕਵੀ ਮੌਲਵੀ ਫੈਜ਼ੀ ਪਾਸੋਂ ਵਾਲਮਿਕੀ ਰਾਮਾਇਣ ਦਾ ਫ਼ਾਰਸੀ 'ਚ ਉਲੱਥਾ ਕਰਵਾਇਆ। ਉਸ ਨੇ ਵਾਲਮੀਕਿ ਨਾਂ ਲਈ 'ਵਾਓ' (ਵ) ਦੀ ਥਾਂ ਫ਼ਾਰਸੀ ਦਾ ਅੱਖਰ 'ਬੇ' (ਬ) ਵਰਤਿਆ ਹੈ ਤੇ ਇਸ ਤਰ੍ਹਾਂ ਉਨ੍ਹਾਂ ਦਾ ਨਾਂ 'ਬਾਲਮੀਕਿ' ਲਿਖਿਆ ਹੈ। ਫਿਰ ਅਕਬਰ ਨੇ ਮੌਲਾਨਾ ਅਬਦੁਲ ਕਾਦਿਰ ਪਾਸੋਂ ਉਰਦੂ ਵਿਚ ਰਾਮਾਇਣ ਲਿਖਵਾਈ ਸੀ, ਉਸ ਨੇ ਵੀ 'ਬੇ' ਅੱਖਰ ਵਰਤਿਆ। ਬਾਦਸ਼ਾਹ ਔਰੰਗਜੇਬ ਦੇ ਸਮੇਂ ਦਾਰਾ ਸ਼ਿਕੋਹ ਨੇ ਭਗਵਾਨ ਵਾਲਮੀਕਿ ਜੀ ਵੱਲੋਂ ਰਚਿਤ ਦੂਸਰੇ ਮਹਾਨ ਗ੍ਰੰਥ 'ਯੋਗ ਵਸ਼ਿਸ਼ਟ' ਨੂੰ ਅਰਬੀ 'ਚ ਉਲੱਥਿਆ, ਉਸ ਨੇ ਵੀ 'ਬੇ' ਅੱਖਰ ਦੀ ਵਰਤੋਂ ਕੀਤੀ ਹੈ। ਇਸੇ ਤਰ੍ਹਾਂ ਮਿਰਜ਼ਾ ਇਮਾਮਦੀਨ ਕਾਦੀਆਂ ਨੇ ਵੀ ਆਪਣੀ ਪੁਸਤਕ 'ਦੀਦ ਹੱਕ' ਉਰਦੂ ਵਿਚ 1866 'ਚ ਲਿਖੀ, ਜਿਸ ਵਿਚ ਵੀ 'ਬੇ' ਨਾਲ ਬਾਲਮੀਕਿ ਸ਼ਬਦ ਵਰਤਿਆ ਗਿਆ। ਵਾਲਮੀਕਿ ਰਾਮਾਇਣ ਤੋਂ ਇਲਾਵਾ ਹੋਰ ਕਈ ਰਾਮ ਕਥਾਵਾਂ ਬਾਅਦ 'ਚ ਰਚੀਆਂ ਗਈਆਂ, ਜਿਨ੍ਹਾਂ ਦਾ ਆਧਾਰ ਵਾਲਮੀਕਿ ਰਾਮਾਇਣ ਹੀ ਹੈ ਪਰ ਅਜੋਕੇ ਯੁੱਗ 'ਚ ਸ੍ਰੀ ਰਾਮ ਚਰਿੱਤ ਮਾਨਸ ਆਧਾਰਿਤ ਰਾਮ ਕਥਾ ਦਾ ਪ੍ਰਚਲਣ ਹੈ, ਜੋ ਤੁਲਸੀਦਾਸ ਜੀ ਦੁਆਰਾ ਬ੍ਰਿਜ ਭਾਸ਼ਾ 'ਚ ਲਿਖੀ ਗਈ। ਅਜੋਕੀ ਪੀੜ੍ਹੀ ਇਹ ਘੱਟ ਹੀ ਜਾਣਦੀ ਹੈ ਕਿ ਤੁਲਸੀਦਾਸ ਕ੍ਰਿਤ ਰਾਮ ਚਰਿਤ ਮਾਨਸ ਮੂਲ ਰਾਮਾਇਣ ਨਹੀਂ ਹੈ ਕਿਉਂਕਿ ਇਸ ਦੇ ਮੂਲ ਤੱਥ ਬਦਲੇ ਗਏ ਹਨ, ਜਿਵੇਂ ਕਿ ਮੂਲ ਰਾਮਾਇਣ ਵਿਚ ਸ਼੍ਰੀਰਾਮ ਨੂੰ ਮਹਾਮਾਨਵ ਚਿਤਰਿਤ ਕੀਤਾ ਗਿਆ ਹੈ ਨਾ ਕਿ ਭਗਵਾਨ ਜਾਂ ਪਰਮਾਤਮਾ, ਪ੍ਰੰਤੂ ਤੁਲਸੀਦਾਸ ਆਪਣੇ ਗ੍ਰੰਥ ਵਿਚ ਸ਼੍ਰੀਰਾਮ ਨੂੰ ਪ੍ਰਭੂ ਪਰਮਾਤਮਾ ਦੇ ਸਾਖਿਆਤ ਰੂਪ 'ਚ ਚਿਤਰਿਤ ਕਰਦੇ ਹਨ। ਭਗਵਾਨ ਵਾਲਮੀਕਿ ਜੀ ਮੂਲ ਰਾਮਾਇਣ ਦੇ ਸਰਗ 96, ਸ਼ਲੋਕ 16 'ਚ ਕਹਿੰਦੇ ਹਨ, 'ਹੇ ਰਘੂਨੰਦਨ (ਹੇ ਭਗਵਾਨ ਨਹੀਂ ਕਿਹਾ) ਰਾਮਾਇਣ ਗ੍ਰੰਥ ਹੀ ਸੀਤਾ ਦੀ ਪਵਿੱਤਰਤਾ ਦਾ ਸਭ ਤੋਂ ਵੱਡਾ ਸਬੂਤ ਹੈ, ਇਸ ਲਈ ਉਨ੍ਹਾਂ ਦੀ ਪ੍ਰੀਖਿਆ ਦੀ ਲੋੜ ਨਹੀਂ।' ਮਹਾਨ ਖੋਜਕਾਰ ਮੰਡਲ ਮਿਸ਼ਨ ਲਿਖਦਾ ਹੈ ਕਿ ਭਗਵਾਨ ਵਾਲਮੀਕਿ ਜੀ ਚੋਟੀ ਦੇ ਵਿਦਵਾਨ ਤੇ ਨਿਰਪੱਖ ਕਵੀ ਸੀ, ਉਨ੍ਹਾਂ ਨੇ ਜਿੱਥੇ ਸ਼੍ਰੀਰਾਮ ਦੇ ਗੁਣਾਂ ਦੀ ਪ੍ਰਸ਼ੰਸਾ ਕੀਤੀ ਉੱਥੇ ਰਾਵਣ ਦੇ ਗੁਣਾਂ ਨੂੰ ਵੀ ਸਲਾਹਿਆ ਹੈ। ਇਤਿਹਾਸਕਾਰ ਡਾ. ਓਮ ਪ੍ਰਕਾਸ਼ ਆਨੰਦ ਲਿਖਦੇ ਹਨ ਕਿ 'ਵਾਲਮੀਕਿ ਜੀ ਨੇ ਰਾਮਾਇਣ 'ਚ ਰਾਵਣ ਦੀ ਸੁੰਦਰਤਾ, ਮਾਨਸਿਕ ਦ੍ਰਿੜਤਾ ਦਾ ਚਿਤਰਣ ਕੀਤਾ ਹੈ ਜਿਵੇਂ ਕਿ ਰਾਵਣ ਭਾਵੇਂ ਵਿਲਾਸਕਾਰੀ ਸੀ ਪਰ ਵਿੱਭਚਾਰੀ ਨਹੀਂ ਸੀ, ਉਹ ਸੁੰਦਰਤਾ ਦਾ ਪ੍ਰਸ਼ੰਸਕ ਸੀ ਪਰ ਕਾਮੁਕ ਨਹੀਂ ਸੀ।' ਕਾਲੀਦਾਸ ਜੀ ਲਿਖਦੇ ਹਨ ਕਿ 'ਆਦਿ ਕਵੀ ਵਾਲਮੀਕਿ ਜੀ ਦੀ ਕ੍ਰਿਤ ਰਾਮਾਇਣ ਦੇ ਵਚਨ ਸਰਵਸਤ ਹਨ ਤੇ ਅਜਿਹੇ ਛੰਦ-ਪਦ ਦਾ ਗ੍ਰੰਥ ਦੁਨੀਆ 'ਚ ਹੋਰ ਕਿਤੇ ਨਹੀਂ ਮਿਲਦਾ। ਵਾਲਮੀਕਿ ਰਾਮਾਇਣ 'ਚ ਇਹ ਵੀ ਜਾਣਕਾਰੀ ਮਿਲਦੀ ਹੈ ਕਿ ਰਾਮ-ਰਾਵਣ ਦਾ ਯੁੱਧ 84 ਦਿਨ ਚੱਲਿਆ ਅਤੇ 8 ਦਿਨ ਲਗਾਤਾਰ ਸਿਰਫ਼ ਰਾਵਣ ਨਾਲ ਯੁੱਧ ਕਰ ਕੇ ਉਸ ਦਾ ਵਧ ਕੀਤਾ ਗਿਆ, ਦਸ਼ਮੀ ਵਾਲੇ ਦਿਨ ਰਾਵਣ ਮਾਰਿਆ ਗਿਆ ਤੇ ਯੁੱਧ ਖ਼ਤਮ ਹੋਇਆ।

ਮੂਲ ਰਾਮਾਇਣ ਵਿਚ ਯੁੱਧ ਦਾ ਸਮਾਂ ਤੇ ਤਰੀਕ ਵੀ ਮਿਲਦੀ ਹੈ ਕਿ, ਜਿਸ ਦਿਨ ਰਾਵਣ ਮਾਰਿਆ ਗਿਆ, ਉਸ ਦਿਨ ਸ਼੍ਰੀਰਾਮ ਦਾ ਬਨਵਾਸ 20 ਦਿਨ ਰਹਿੰਦਾ ਸੀ। ਭਬੀਕਸ਼ਣ ਨੂੰ ਲੰਕਾ ਦਾ ਰਾਜਾ ਬਣਾਉਣ ਤੋਂ 20 ਦਿਨ ਬਾਅਦ ਸ਼੍ਰੀਰਾਮ ਆਯੋਧਿਆ ਪਹੁੰਚੇ ਸਨ। ਇਸ ਤੱਥ ਦੀ ਪੁਸ਼ਟੀ ਕੇਂਦਰ ਸਰਕਾਰ ਤੋਂ ਮਾਨਤਾ ਪ੍ਰਾਪਤ ਸਥਾਨ ਇੰਸਟੀਚਿਊਟ ਆਫ ਸਾਇੰਟੀਫਿਕ ਰਿਸਰਚ ਆਫ ਵੇਦਾ ਵੱਲੋਂ ਵੀ ਕੀਤੀ ਗਈ ਹੈ। ਬੇਸ਼ਕ ਭਗਵਾਨ ਵਾਲਮੀਕਿ ਜੀ ਦੇ ਜੀਵਨ ਕਾਲ, ਜਨਮ ਸਥਾਨ ਬਾਰੇ ਕਈ ਇਤਿਹਾਸਕ ਮਤਭੇਦ ਹਨ ਪ੍ਰੰਤੂ ਫਿਰ ਵੀ ਇਸ ਦੀ ਜਾਣਕਾਰੀ ਭਗਵਾਨ ਵਾਲਮੀਕੀ ਜੀ ਦੀਆਂ ਲਿਖਤਾਂ ਤੋਂ ਮਿਲ ਜਾਂਦੀ ਹੈ, ਜਿਵੇਂ ਕਿ ਉੱਤਰ ਕਾਂਡ, ਸਰਗ 19 ਸਲੋਕ 26 'ਚ ਲਿਖਿਆ ਹੈ - ਪ੍ਰਚੇਤ ਸੋਹੰ ਦਸਮ ਪੁਤ੍ਰ ਰਾਧਵ ਨੰਦਨ, ਨਸਿਮਰਨ ਯਤ੍ਰੰ ਵਾਕ ਮਮੋਤੰ ਤਵ ਪੁਤਰਕੋਂ', ਭਾਵ ਮੈਂ ਪ੍ਰਚੇਤਾ ਦਾ ਦਸਵਾ ਪੁੱਤਰ ਹਾਂ। ਇਸ ਸਲੋਕ ਤੋਂ ਸਿੱਧ ਹੁੰਦਾ ਹੈ ਕਿ ਵਾਲਮੀਕਿ ਜੀ ਪ੍ਰਚੇਤਾ ਰਾਜਾ ਵਰਣੂੰ ਜੀ ਦੇ ਦਸਵੇਂ ਪੁੱਤਰ ਸਨ। ਇਸ ਬਾਰੇ ਕਵੀ ਕਾਲੀਦਾਸ ਸ਼ਕੁੰਤਲਾ ਨਾਟਕ ਦੇ ਸਰਗ 3, ਸਲੋਕ 2 'ਚ ਲਿਖਦੇ ਹਨ - 'ਪ੍ਰਚੇਤਸ ਅਪਤਸਮ ਪ੍ਰਚੇਤਾ ਵਰਣੂੰ" ਭਾਵ ਪ੍ਰਚੇਤਾ ਦਾ ਦੂਜਾ ਨਾਂ ਵਰਣੂੰ ਸੀ ਤੇ ਉਸ ਦੀ ਰਾਜਧਾਨੀ ਮੁਲਤਾਨ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅੰਦਰ ਕਈ ਥਾਵਾਂ 'ਤੇ ਵਾਲਮੀਕਿ ਜੀ ਦਾ ਸਤਿਕਾਰ ਸਹਿਤ ਜ਼ਿਕਰ ਹੈ, ਜਿਵੇਂ "ਰੇ ਚਿਤ ਚੇਤ ਅਚੇਤਾ ਕਾਹੇ ਨਾ ਬਲਮੀਕਹਿ ਦੇਖ।। ਕਿਸੁ ਜਾਤੀ ਤੇ ਕਿਹ ਪਦਹਿ ਅਮਰਿਓ ਰਾਮ ਭਗਤ ਬਿਸੇਖ।।" (ਬਾਣੀ ਭਗਤ ਰਵਿਦਾਸ ਜੀ ਕੀ) ਇਤਿਹਾਸਕਾਰਾਂ ਵੱਲੋਂ ਭਗਵਾਨ ਵਾਲਮੀਕਿ ਜੀ ਦੁਆਰਾ ਰਚਿਤ ਗ੍ਰੰਥ ਰਾਮਾਇਣ ਦੀ ਭੂਗੋਲਿਕ ਸਥਿਤੀ ਉੱਪਰ ਜੋ ਖੋਜ ਕੀਤੀ ਗਈ ਹੈ ਕਿ ਸਪਤਸਿੰਧੂ ਜਾਂ ਪੰਜਨਦ (ਪੰਜਾਬ) ਕਹੇ ਜਾਣ ਵਾਲੇ ਦੇਸ਼ ਵਿਚ ਹੀ ਰਾਮਾਇਣ ਦਾ ਸਾਰਾ ਇਤਿਹਾਸ ਵਾਪਰਿਆ। ਅੰਮ੍ਰਿਤਸਰ ਸਾਹਿਬ ਵਿਚ ਸਥਿਤ ਰਾਮਤੀਰਥ, ਜੋ ਭਗਵਾਨ ਵਾਲਮੀਕਿ ਜੀ ਦਾ ਆਸ਼ਰਮ ਹੈ, ਉਹ ਲਵ ਕੁਸ਼ ਦੀ ਸਿੱਖਿਆ ਸਥਲੀ ਹੈ ਤੇ ਉਹੀ ਭਗਵਾਨ ਵਾਲਮੀਕਿ ਜੀ ਦਾ ਆਸ਼ਰਮ ਤੇ ਤਪ ਅਸਥਾਨ ਸੀ। ਇੱਥੇ ਅੱਜ ਵੀ ਉਨ੍ਹਾਂ ਦੀ ਕੁਟੀਆ, ਜਿੱਥੇ ਸੀਤਾ ਜੀ ਰਹੇ ਸਨ, ਜਿੱਥੇ ਲਵ ਕੁਸ਼ ਨੇ ਰਾਮ ਚੰਦਰ ਜੀ ਦਾ ਘੋੜਾ ਫੜ ਕੇ ਬੰਨ੍ਹ ਲਿਆ ਸੀ, ਉਹ ਨਿਸ਼ਾਨ ਮੌਜੂਦ ਹਨ।

**—ਡਾ: ਬਿੰਦੂ ਕੈਂਥ**

# ਭਗਵਾਨ ਵਾਲਮੀਕਿ ਜੀ ਦੇ ਗਿਆਨ ਤੋਂ ਸੇਧ ਲੈਣ ਦੀ ਲੋੜ

ਭਾਰਤ ਦੇ ਪ੍ਰਾਚੀਨ ਮਹਾਂਪੁਰਖਾਂ ਵਿੱਚੋਂ ਭਗਵਾਨ ਵਾਲਮੀਕਿ ਜੀ ਦਾ ਸਥਾਨ ਸਰਬਸ੍ਰੇਸ਼ਠ ਹੈ। ਵਾਲਮੀਕਿ ਜੀ ਨੇ ਮਹਾਨ ਗ੍ਰੰਥਾਂ ਰਮਾਇਣ ਅਤੇ ਯੋਗ ਵਸ਼ਿਸ਼ਟ ਦੀ ਰਚਨਾ ਸੰਸਕ੍ਰਿਤ ਭਾਸ਼ਾ ਵਿੱਚ ਕਰਕੇ ਭਾਰਤ ਦੇ ਪ੍ਰਾਚੀਨ ਸਾਹਿਤ ਨੂੰ ਇੱਕ ਨਵਾਂ ਰੂਪ ਦਿੱਤਾ। ਉਹ ਸੰਸਕ੍ਰਿਤ ਦੇ ਉੱਤਮ ਅਤੇ ਆਦਿ ਕਵਿ ਵਜੋਂ ਜਾਣੇ ਜਾਂਦੇ ਹਨ ਕਿਉਂਕਿ ਇਸ ਤੋਂ ਪਹਿਲਾਂ ਧਾਰਮਿਕ ਗ੍ਰੰਥਾਂ ਦੀ ਰਚਨਾ ਮੰਤਰਾਂ ਵਿੱਚ ਕੀਤੀ ਜਾਂਦੀ ਸੀ ਜੋ ਲੋਕਾਂ ਵੱਲੋਂ ਸਮਝਣੀ ਮੁਸ਼ਕਲ ਸੀ। ਰਮਾਇਣ 24,000 ਸਲੋਕਾਂ ਅਤੇ ਯੋਗ ਵਸ਼ਿਸ਼ਟ 32,000 ਸਲੋਕਾਂ, 6 ਪ੍ਰਕਰਣਾਂ ਵਜੋਂ ਅਦਵੈਤਵਾਦ ਦਾ ਪ੍ਰਸਿੱਧ ਗ੍ਰੰਥ ਹੈ। ਇੱਕ ਅਜਿਹੇ ਯੁੱਗ ਵਿੱਚ ਜਦੋਂ ਦੂਰਦਰਸ਼ਨ ਰੇਡੀਓ, ਉਪਗ੍ਰਹਿ ਆਦਿ ਨਹੀਂ ਸਨ ਭਗਵਾਨ ਵਾਲਮੀਕਿ ਜੀ ਵੱਲੋਂ ਇੱਕ ਸ਼ਾਂਤ ਕੁੱਟੀਆਂ ਵਿੱਚ ਬੈਠ ਕੇ ਸਾਰੀ ਪ੍ਰਿਥਵੀ ਦੀ ਭੂਗੋਲਿਕ ਰਚਨਾ ਨੂੰ ਪੂਰੀ ਤਰ੍ਹਾਂ ਚਿਤਰਣਾ, ਇਹ ਯਕੀਕਨ ਹੀ ਉਨ੍ਹਾਂ ਦੇ ਸਰਬਉੱਚ ਗਿਆਨ ਦੀ ਕ੍ਰਾਂਤੀ ਦਰਸ਼ਤਾ ਹੈ। ਰਮਾਇਣ ਗ੍ਰੰਥ ਜਿਸ ਦੀ ਰਚਨਾ ਮਹਾਂਭਾਰਤ ਦੇ ਯੁੱਧ ਤੋਂ ਵੀ ਹਜ਼ਾਰਾਂ ਸਾਲ ਪਹਿਲਾਂ ਤਰੇਤਾ ਯੁੱਗ ਵਿੱਚ ਕੀਤੀ ਗਈ ਸੀ, ਉਸ ਤੋਂ ਮਹਾਂਭਾਰਤ ਪੁਰਾਣ ਦੇ ਲੇਖਕ, ਭਾਰਤੀ ਭਾਸ਼ਾਵਾਂ ਦੇ ਕਵੀ ਅਤੇ ਨਾਟਕਕਾਰ ਪ੍ਰੇਰਣਾ ਲੈਂਦੇ ਰਹੇ ਹਨ। ਬੋਧੀ ਅਤੇ ਜੈਨੀ ਲੋਕ ਵੀ ਰਮਾਇਣ ਵਿੱਚ ਦਰਸਾਈ ਸੰਸਕ੍ਰਿਤੀ ਤੋਂ ਪ੍ਰਭਾਵਿਤ ਹੋਏ ਬਿਨ੍ਹਾਂ ਨਹੀਂ ਰਹੇ। ਇਸੇ ਕਰਕੇ ਹੀ ਮੁਗ਼ਲ ਬਾਦਸ਼ਾਹ ਅਕਬਰ ਨੇ ਰਮਾਇਣ ਗ੍ਰੰਥ ਦਾ ਫਾਰਸੀ ਵਿੱਚ ਅਨੁਵਾਦ ਕਰਵਾਇਆ ਸੀ। ਇਸੇ ਤਰ੍ਹਾਂ ਹੀ ਯੋਗ ਵਸ਼ਿਸ਼ਟ ਗ੍ਰੰਥ ਵੀ ਮਨੁੱਖੀ ਜੀਵਨ ਦੇ ਭੌਤਿਕ ਅਤੇ ਅਧਿਆਤਮਕ ਗਿਆਨ ਦਾ ਭੰਡਾਰ ਹੈ। ਬੇਸ਼ੱਕ ਭਗਵਾਨ ਵਾਲਮੀਕਿ ਜੀ ਦੇ ਜੀਵਨ ਕਾਲ ਅਤੇ ਜਨਮ ਸਥਾਨ ਬਾਰੇ ਕਈ ਵਿਦਵਾਨ ਇੱਕ ਮਤ ਨਹੀਂ ਹਨ ਪਰ ਭਾਰਤੀ ਇਤਿਹਾਸ ਵਿੱਚ ਅਨੇਕਾਂ ਥਾਵਾਂ ਉੱਤੇ ਇਸ ਸਬੰਧੀ ਜਾਣਕਾਰੀ ਮਿਲਦੀ ਹੈ। ਭਗਵਾਨ ਵਾਲਮੀਕਿ ਜੀ ਦੇ ਮਾਤਾ ਪਿਤਾ ਬਾਰੇ ਜਾਣਕਾਰੀ ਉਨ੍ਹਾਂ ਦੀਆਂ ਲਿਖਤਾਂ ਤੋਂ ਮਿਲਦੀ ਹੈ। ਆਪ ਜੀ ਪ੍ਰਚੇਤਾ ਰਾਜਾ ਵਰਣੂੰ ਜੀ ਦੇ ਦਸਵੇਂ ਪੁੱਤਰ ਸਨ ਜੋ ਮੁਲਤਾਨ ਦਾ ਰਾਜਾ ਸੀ। ਸ਼ਕਤੀਸਾਲੀ ਤੇ ਬੁੱਧੀਮਾਨ ਕਹੇ ਜਾਂਦੇ ਲੰਕਾ ਪਤੀ ਰਾਜੇ ਰਾਵਣ ਦਾ ਵਿਸ਼ਾਲ ਰਾਜਭਾਗ ਅਤੇ ਪਰਿਵਾਰ ਦਾ ਪੂਰਨ ਵਿਨਾਸ਼ ਹੋ ਜਾਣ ਦਾ ਕਾਰਨ ਵੀ ਆਦਰਸ਼ਵਾਦ ਤੋਂ ਭੱਟਕ ਕੇ ਹੰਕਾਰੀ ਅਤੇ ਹੱਦੋਂ ਵੱਧ ਹੱਠੀ ਹੋਣਾ ਹੀ ਸੀ। ਵਾਲਮੀਕਿ ਜੀ ਦੁਆਰਾ ਰਮਾਇਣ ਵਿੱਚ ਚਿਤਰਿਆ ਇਹ ਇਤਿਹਾਸ ਸਾਨੂੰ ਅਜਿਹੀਆਂ ਬੁਰਾਈਆਂ ਪ੍ਰਤੀ ਮਾਰਗ ਦਰਸ਼ਨ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਰਾਮ ਚੰਦਰ ਜੀ ਦਾ ਇੱਕ ਆਦਰਸ਼ਵਾਦੀ ਰਾਜੇ ਵਜੋਂ ਪ੍ਰਜਾਪਾਲਕ, ਕਥਨੀ ਅਤੇ ਕਰਨੀ ਦਾ ਪੂਰਾ, ਜਨਤਾ ਪ੍ਰਤੀ ਜਵਾਬਦੇਹ ਹੋਣਾ, ਸੀਤਾ ਵੱਲੋਂ ਇੱਕ ਚੰਗੀ ਨੂੰਹ ਅਤੇ ਇੱਕ ਚੰਗੀ ਪ੍ਰਤੀਵਤਾ ਪਤਨੀ, ਸ੍ਰੀ ਰਾਮ ਚੰਦਰ, ਲੱਛਮਣ ਅਤੇ ਭਰਤ ਹੋਰਾਂ ਜਿਹਾ ਨਿਰਸੁਆਰਥ ਭਰਾਵਾਂ ਵਾਲਾ ਪਿਆਰ ਸਤਿਕਾਰ ਤੇ ਮਾਂ ਬਾਪ ਦੇ ਆਗਿਆਕਾਰੀ ਹੋਣ ਦਾ ਜੋ ਵਰਣਨ ਭਗਵਾਨ ਵਾਲਮੀਕਿ ਜੀ ਵੱਲੋਂ ਕੀਤਾ ਗਿਆ ਹੈ, ਉਸ ਤੋਂ ਸਾਡੇ ਸੰਯੁਕਤ ਪਰਿਵਾਰਾਂ ਅਤੇ ਜਨਤਾ ਉੱਪਰ ਰਾਜ ਕਰ ਰਹੇ ਹੁਕਮਰਾਨਾਂ ਨੂੰ ਵੀ ਚੰਗੇ ਸੰਸਕਾਰ ਅਤੇ ਉੱਚ ਮਾਰਗ ਦਰਸ਼ਨ ਪ੍ਰਦਾਨ ਹੁੰਦਾ ਹੈ। ਵਾਲਮੀਕਿ ਜੀ ਇੱਕ ਮਹਾਨ ਵਿਦਵਾਨ ਹੋਣ ਦੇ ਨਾਲ ਹੀ ਨਾਰੀ ਜਾਤੀ ਦੇ ਰੱਖਿਅਕ ਵੀ ਸਨ। ਉਨ੍ਹਾਂ ਨੇ ਮਜਬੂਰ ਹੋਈ ਸੀਤਾ ਮਾਤਾ ਨੂੰ ਆਪਣੇ ਆਸ਼ਰਮ ਵਿੱਚ ਆਪਣੀ ਪੁੱਤਰੀ ਵਾਂਗ ਰੱਖਿਆ ਅਤੇ ਉਸ ਦੇ ਛੋਟੇ ਬੱਚਿਆਂ ਲਵ-ਕੁਸ ਨੂੰ ਸਿਰਫ਼ ਚੰਗਾ ਪਾਲਨ-ਪੋਸ਼ਣ ਹੀ ਨਹੀਂ ਦਿੱਤਾ ਬਲਕਿ ਉਨ੍ਹਾਂ ਨੂੰ ਮਹਾਨ ਸ਼ਾਸਤਰ ਅਤੇ ਸ਼ਸ਼ਤਰ ਵਿੱਦਿਆ ਵੀ ਦਿੱਤੀ। ਭਗਵਾਨ ਵਾਲਮੀਕਿ ਜੀ ਦੀ ਇਸ ਮਹਾਨਤਾ ਤੋਂ ਸਾਨੂੰ ਇਹ ਗਿਆਨ ਵੀ ਮਿਲਦਾ ਹੈ ਕਿ ਸਾਨੂੰ ਅੱਜ ਮਜਬੂਰ ਔਰਤਾਂ ਅਤੇ ਬੱਚਿਆਂ ਦਾ ਸਹਾਰਾ ਬਣਨਾ ਚਾਹੀਦਾ ਹੈ ਨਾ ਕਿ ਉਨ੍ਹਾਂ ਦੀਆਂ ਮਜਬੂਰੀਆਂ ਦਾ ਨਜਾਇਜ਼ ਫ਼ਾਇਦਾ ਉਠਾਉਣਾ ਚਾਹੀਦਾ ਹੈ ਕਿਉਂਕਿ ਅਜਿਹੀਆਂ ਬੁਰਾਈਆਂ ਸਾਡੇ ਸਮਾਜ ਵਿੱਚ ਅੱਜ ਬਹੁਤ ਥਾਂਈ ਵੇਖਣ ਨੂੰ ਮਿਲ ਰਹੀਆਂ ਹਨ।



# ਦੁਸ਼ਹਿਰਾ ਮਨਾਉਣ ਦਾ ਸਭਿਆਚਾਰਕ ਅਰਥ

**ਬੁਰਾਈ 'ਤੇ ਚੰਗਿਆਈ ਦੀ ਜਿੱਤ**
**ਝੂਠ 'ਤੇ ਸਚਾਈ ਦੀ ਜਿੱਤ**
**ਘਮੰਡ ਨਾ ਕਰੋ, ਆਪਣੇ ਗੁਣਾਂ 'ਤੇ**
**ਇਸ 'ਚ ਹੀ ਹੈ ਲੁਕਾਈ ਦੀ ਜਿੱਤ !!**

ਭਾਰਤ ਇਕ ਅਜਿਹਾ ਦੇਸ਼ ਹੈ ਜੋ ਆਪਣੀ ਪਰੰਪਰਾ ਅਤੇ ਸੰਸਕ੍ਰਿਤੀ, ਮੇਲੇ ਅਤੇ ਤਿਓਹਾਰਾਂ ਲਈ ਜਾਣਿਆ ਜਾਂਦਾ ਹੈ ? ਭਾਰਤਵਾਸੀ ਹਰ ਤਿਓਹਾਰ ਨੂੰ ਬੜੇ ਜੋਸ਼ ਅਤੇ ਖੁਸ਼ੀ ਨਾਲ ਮਨਾਉਂਦੇ ਹਨ ? ਭਾਰਤ ਵਿਚ ਮਨਾਏ ਜਾਣ ਵਿਭਿੰਨ ਮੇਲੇ ਅਤੇ ਤਿਓਹਾਰਾਂ ਵਿਚੋਂ ਦੁਸ਼ਹਿਰੇ ਦੇ ਤਿਓਹਾਰ ਦੀ ਆਪਣੀ ਵੱਖਰੀ ਮਾਨਤਾ ਹੈ ? ਦੁਸ਼ਹਿਰੇ ਦੇ ਤਿਓਹਾਰ ਨੂੰ ਵਿਜੈਦਸ਼ਮੀ ਵੀ ਕਿਹਾ ਜਾਂਦਾ ਹੈ, ਹਿੰਦੂ ਧਰਮ ਨਾਲ ਜੁੜਿਆ ਹੋਇਆ ਹੋਣ ਦੇ ਨਾਲ-ਨਾਲ ਇਹ ਤਿਓਹਾਰ ਸਾਰੇ ਧਰਮਾਂ/ਸਮਾਜ/ਸਮੁਦਾਇ ਨਾਲ ਸਰੋਕਾਰ ਰੱਖਦਾ ਹੈ ? ਆਮ ਸ਼ਬਦਾ ਵਿਚ ਇਹ ਜਿੱਤ ਦੇ ਜਸ਼ਨ ਦੇ ਰੂਪ ਵਿਚ ਮਨਾਇਆ ਜਾਣ ਵਾਲਾ ਤਿਓਹਾਰ ਹੈ, ਜੋ ਕਿਸੇ ਧਰਮ ਤੋਂ ਪਾਰ ਪੂਰੀ ਲੋਕਾਈ ਨੂੰ ਸਚ ਲਈ ਚੁੱਕੀ ਜਾਣ ਵਾਲੀ ਆਵਾਜ਼ ਦੇ ਸੰਕਲਪ ਨਾਲ ਜੋੜਦਾ ਹੈ ?

ਧਰਮ ਭਾਵੇਂ ਕੋਈ ਵੀ ਹੋਵੇ ਉਸ ਦਾ ਮੂਲ ਮਨੋਰਥ ਲੋਕਾਂ ਨੂੰ ਸਹੀ-ਗਲਤ, ਸਚ-ਝੂਠ, ਨੈਤਿਕ-ਅਨੈਤਿਕ ਦਾ ਪਾਠ ਪੜ੍ਹਾਉਣਾ ਹੁੰਦਾ ਹੈ ? ਹਰ ਸਾਲ ਦੇਸ਼ ਵਿਚ ਦਿਵਾਲੀ ਤੋਂ ਲਗਭਗ ਵੀਹ ਦਿਨ ਪਹਿਲਾਂ ਮਨਾਏ ਜਾਣ ਵਾਲੇ ਦੁਸ਼ਹਿਰੇ ਦੇ ਤਿਉਹਾਰ ਦਾ ਆਪਣਾ ਇਕ ਵਿਸੇਸ਼ ਮਹੱਤਵ ਹੈ। ਆਮ ਤੌਰ 'ਤੇ ਦੁਸ਼ਹਿਰੇ ਨੂੰ ਮਨਾਉਣ ਪਿੱਛੇ ਕਈ ਲੋਕ-ਮਾਨਤਾਵਾਂ ਕਾਰਜਸ਼ੀਲ ਹਨ ਜਿਵੇਂ ਕਿ; ਰਾਮ ਦੀ ਰਾਵਣ 'ਤੇ ਜਿੱਤ ਦਾ ਦਿਨ, ਮਹਿਸ਼ਾਸੁਰ ਦੈਂਤ ਦਾ ਅੰਤ ਕਰ ਮਾਂ ਦੁਰਗਾ ਦੀ ਜਿੱਤ ਦਾ ਦਿਨ, ਪਾਂਡਵਾਂ ਦੇ ਵਨਵਾਸ ਦਾ ਦਿਨ ਅਤੇ ਇਸ ਦਿਨ ਹੀ ਭਗਵਾਨ ਸ਼ਿਵ ਦੀ ਪਹਿਲੀ ਪਤਨੀ ਸਤੀ ਆਪਣੇ ਪਤੀ ਦੇ ਸਨਮਾਨ ਖ਼ਾਤਰ ਅਗਨੀ-ਕੁੰਡ ਵਿਚ ਸਮਾ ਗਈ ਸੀ ? ਪਰ ਇਨ੍ਹਾਂ ਲੋਕ-ਮਾਨਤਾਵਾਂ ਵਿਚੋਂ ਸਭ ਤੋਂ ਜ਼ਿਆਦਾ ਪ੍ਰਚਲਿਤ ਕਥਾ ਭਗਵਾਨ ਸ੍ਰੀ ਰਾਮ ਚੰਦਰ ਜੀ ਤੇ ਰਾਵਣ ਦੀ ਹੈ, ਇਸ ਕਥਾਨੁਸਾਰ ਸ੍ਰੀ ਰਾਮ ਚੰਦਰ ਜੀ ਦੁਆਰਾ ਲੰਕਾ ਨਰੇਸ਼ ਰਾਵਣ ਨੂੰ ਮਾਰ ਕੇ ਸਾਰੇ ਸੰਸਾਰ ਨੂੰ ਬਦੀ (ਬੁਰਾਈ) ਉੱਪਰ ਨੇਕੀ ਦੀ ਜਿੱਤ ਦਾ ਸੰਦੇਸ਼ ਦਿੱਤਾ ਗਿਆ ਹੈ ? ਅਰਥਾਤ ਰਾਵਣ ਦੀ ਬੁਰਾਈ ਦਾ ਵੀਨਾਸ਼ ਕਰ ਉਨ੍ਹਾਂ ਨੇ, ਉਸ ਦੇ ਅਨੈਤਿਕ ਵਿਹਾਰ ਦਾ ਅੰਤ ਕੀਤਾ। ਇਸੀ ਜਿੱਤ ਦੇ ਸਵਰੂਪ ਵਿਚ ਇਸ ਪ੍ਰੰਪਰਾ ਨੂੰ ਜਾਰੀ ਰੱਖਦੇ ਹੋਏ ਹਰ ਸਾਲ ਵਿਜੈਦਸ਼ਮੀ/ਦੁਸ਼ਿਹਰਾ ਮਨਾਇਆ ਜਾਂਦਾ ਹੈ। ਦੁਸ਼ਹਿਰੇ ਦੇ ਨਾਲ ਹੀ ਅੱਸੂ ਮਹੀਨੇ ਦੇ ਸ਼ੁਕਲ ਪੱਖ ਵਿਚ ਮਨਾਈ ਜਾਣ ਵਾਲੀ ਦੁਰਗਾ ਪੂਜਾ ਦਾ ਮੂਲ ਮੰਤਵ ਵੀ ਬੁਰਾਈ ਉਤੇ ਚੰਗਿਆਈ ਦੀ ਜਿੱਤ ਦੇ ਪ੍ਰਤੀਕ ਨਾਲ ਸੰਬੰਧਿਤ ਹੈ ? ਇਸ ਦਿਨ ਦੇਵੀ ਦੁਰਗਾ ਨੇ ਨੌਂ ਰਾਤਾਂ ਅਤੇ ਦਸ ਦਿਨ ਤੋਂ ਬਾਅਦ ਮਹਿਸ਼ਾਸੁਰ 'ਤੇ ਜਿੱਤ ਹਾਸਿਲ ਕੀਤੀ ਸੀ ? ਵਿਜੈਦਸ਼ਮੀ ਜਾਂ ਦੁਰਗਾਪੂਜਾ ਦੋਵੇਂ ਹੀ ਰੂਪਾਂ ਵਿਚ ਇਹ ਸ਼ਕਤੀ-ਪੂਜਾ ਦਾ ਤਿਓਹਾਰ ਹੈ ਜੋ ਕਿ ਲਗਭਗ ਦਸ ਦਿਨ ਲੰਮਾ ਚਲਦਾ ਹੈ ? ਜਿਸ ਅੰਤਰਗਤ ਨੌਂ ਦਿਨ ਦੇਵੀ ਦੁਰਗਾ ਦੀ ਪੂਜਾ ਲਈ ਅਤੇ ਦਸਵਾਂ ਦਿਨ ਵਿਜੈਦਸ਼ਮੀ ਦੇ ਰੂਪ ਵਿਚ ਮਨਾਇਆ ਜਾਂਦਾ ਹੈ ?

ਦੁਸ਼ਹਿਰੇ ਦੇ ਤਿਓਹਾਰ ਨੂੰ ਮਨਾਉਣ ਦੀਆਂ ਹੋਰ ਕਈ ਵੱਖੋ-ਵੱਖਰੀਆਂ ਸਭਿਆਚਾਰਕ ਮਾਨਤਾਵਾਂ ਹਨ ਜਿਵੇਂ ਕਿ; ਕਿਸਾਨਾਂ ਵਾਸਤੇ ਇਹ ਨਵੀਆਂ ਫ਼ਸਲਾਂ ਦੇ ਘਰ ਆਉਣ ਦਾ ਦਿਨ ਹੈ ਕਿਸਾਨ ਇਸ ਖੁਸ਼ੀ ਦੇ ਅਵਸਰ 'ਤੇ ਪਰਮਾਤਮਾ ਦੀ ਕਿਰਪਾ ਨੂੰ ਮੰਨਦਾ ਹੋਇਆ, ਉਸ ਦੀ ਭਗਤੀ ਕਰਦਾ ਹੈ ? ਪੁਰਾਤਨ ਕਾਲ ਵਿਚ ਇਸ ਦਿਨ ਔਜਾਰਾਂ ਅਤੇ ਹਥਿਆਰਾਂ ਦੀ ਪੂਜਾ ਕੀਤੀ ਜਾਂਦੀ ਸੀ ਕਿਉਂਕਿ ਪੁਰਾਣੇ ਲੋਕ ਇਸ ਨੂੰ ਯੁੱਧ ਵਿਚ ਮਿਲੀ ਜਿੱਤ ਦੇ ਜਸ਼ਨ ਦੇ ਰੂਪ ਵਿਚ ਦੇਖਦੇ ਸਨ ? ਵਿਉਪਾਰੀ ਲੋਕ ਇਸ ਦਿਨ ਆਪਣੇ ਵਹੀ-ਖਾਤਿਆਂ ਦਾ ਪੂਜਨ ਕਰਦੇ ਹਨ ? ਪ੍ਰਾਚੀਨ ਕਾਲ ਵਿਚ ਰਾਜੇ ਇਸ ਦਿਨ ਵਿਜੈ ਦੀ ਪ੍ਰਾਰਥਨਾ ਕਰ ਆਪਣੀ ਰਣ-ਯਾਤਰਾ ਸ਼ੁਰੂ ਕਰਦੇ ਸਨ ? ਕਈ ਲੋਕਾਂ ਦਾ ਮੰਨਣਾ ਹੈ ਕਿ ਮਰਾਠਾ ਰਤਨ ਸ਼ਿਵਾਜੀ ਨੇ ਵੀ ਔਰੰਗੇਜ਼ ਦੇ ਵਿਰੁੱਧ ਇਸ ਦਿਨ ਹੀ ਕੂਚ ਕਰਕੇ ਹਿੰਦੂ ਧਰਮ ਦੀ ਰੱਖਿਆ ਕੀਤੀ ਸੀ ? ਪੁਰਾਣੇ ਸਮਿਆਂ ਤੋਂ ਇਹ ਲੋਕ ਮਾਨਤਾ ਰਹੀ ਹੈ ਕਿ ਆਪਣੇ ਦੁਸ਼ਮਨ 'ਤੇ ਜਿੱਤ ਹਾਸਿਲ ਕਰਨ ਲਈ ਇਸ ਸਮੇਂ ਹੀ ਕੂਚ ਕਰਨੀ ਚਾਹੀਦੀ ਹੈ ? ਅਜੋਕੇ ਸਮੇਂ ਵੀ ਦੁਸ਼ਹਿਰਰੇ ਨੂੰ ਇਨ੍ਹਾਂ ਪੌਰਾਣਿਕ ਕਥਾਵਾਂ ਦੇ ਆਧਾਰ 'ਤੇ ਹੀ ਮਨਾਇਆ ਜਾਂਦਾ ਹੈ ? ਇਸ ਦੇ ਨਾਲ ਹੀ ਮਾਤਾ ਦੇ ਨੂਰਾਤ੍ਰੇਆਂ ਦੀ ਸਮਾਪਤੀ ਤੋਂ ਬਾਅਦ, ਦਸਵੇਂ ਦਿਨ ਨੂੰ ਦੁਰਗਾ ਪੂਜਾ ਦੇ ਦਰਸ਼ਨ ਦੇ ਰੂਪ ਵਿਚ ਮਨਾਇਆ ਜਾਂਦਾ ਹੈ ? ਜਿੱਥੇ ਕਈ ਸਥਾਨਾਂ 'ਤੇ ਰਾਮਲੀਲਾ ਦਾ ਆਯੋਜਨ ਕੀਤਾ ਜਾਂਦਾ ਹੈ ਅਤੇ ਰਾਮ-ਰਾਵਣ ਦੇ ਯੁੱਧ ਨੂੰ ਨਾਟਕੀ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ ? ਅੰਤਲੇ ਦਿਹਾੜੇ ਰਾਵਣ, ਕੁਭਕਰਣ ਅਤੇ ਮੇਘਨਾਥ ਦੇ ਵਿਸ਼ਾਲ ਪੁਤਲੇ ਬਣਾ ਕੇ ਉਨ੍ਹਾਂ ਨੂੰ ਸਾੜਿਆ ਜਾਂਦਾ ਹੈ, ਇਸ ਕਰਕੇ ਇਹ ਦਿਵਸ ਰਾਮ ਦੀ ਵੀਰਤਾ ਦੇ ਰੂਪ ਵਿਚ ਮਨਾਇਆ ਜਾਂਦਾ ਹੈ ? ਯਥਾਰਥਕ ਰੂਪ ਵਿਚ ਭਾਰਤੀ ਸਭਿਆਚਾਰ ਵੀਰਤਾ ਦਾ ਪੂਜਕ ਹੈ, ਸੂਰਮਤਾਈ ਦਾ ਉਪਾਸਕ ਹੈ ? ਇੱਥੋਂ ਦੇ ਹਰ ਵਿਅਕਤੀ ਅਤੇ ਸਮਾਜ ਵਿਚ ਵੀਰਤਾ ਦੀ ਛਵੀ ਪ੍ਰਤੀਬਿੰਬਤ ਹੁੰਦੀ ਹੈ ? ਇਸ ਲਈ ਵੀ ਸਾਡੇ ਭਾਰਤੀ ਸਮਾਜ/ਸਭਿਆਚਾਰ ਵਿਚ ਇਸ ਤਿਓਹਾਰ ਦੀ ਮਾਨਤਾ ਵੱਧ ਜਾਂਦੀ ਹੈ ? ਜਿਸ ਕਾਰਣ ਭਾਰਤ ਦੇ ਹਰ ਰਾਜ ਵਿਚ ਦੁਸ਼ਹਿਰਾ ਮਨਾਉਣ ਦਾ ਆਪੋ-ਆਪਣਾ ਰੀਤੀ-ਰਿਵਾਜ ਅਤੇ ਪਰੰਪਰਾ ਪ੍ਰਚਲਿਤ ਹੈ ? ਅਸਲ ਵਿਚ ਇਹ ਤਿਓਹਾਰ ਬੁਰਾਈ ਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਹੈ ? ਸਮਾਜ ਵਿਚ ਬੁਰਾਈ ਕਿਸੇ ਵੀ ਰੂਪ ਵਿਚ ਹੋ ਸਕਦੀ ਹੈ ਜਿਵੇਂ ਕਿ; ਗੁੱਸਾ, ਵੈਰ, ਝੂਠ, ਜਲਨ ਦੁੱਖ ਅਤੇ ਆਲਸ ਆਦਿ ਕਿਸੇ ਵੀ ਅੰਤਰਿਕ ਬੁਰਾਈ ਨੂੰ ਖ਼ਤਮ ਕਰਨਾ ਵੀ ਆਪਣੇ-ਆਪ ਵਿਚ ਆਤਮਕ ਜਿੱਤ ਨੂੰ ਹਾਸਿਲ ਕਰਨਾ ਹੁੰਦਾ ਹੈ ? ਸਾਨੂੰ ਹਰ ਸਾਲ ਆਪਣੇ ਅੰਦਰ ਦੀ ਇਸ ਬੁਰਾਈ ਨੂੰ ਖ਼ਤਮ ਕਰ ਵਿਜੈਦਸ਼ਮੀ ਦੇ ਦਿਨ ਦੀ ਖ਼ੁਸ਼ੀ ਮਨਾਉਣੀ ਚਾਹੀਦੀ ਹੈ ਤਾਂਕਿ ਅਸੀਂ ਆਪਣੀਆਂ ਇੰਦਰੀਆਂ 'ਤੇ ਕਾਬੂ ਕਰਨ ਆਪਣੇ ਮਨ ਅਤੇ ਸਰੀਰ ਉੱਪਰ ਰਾਜ ਕਰ ਸਕੀਏ ? ਇਹ ਦੋਵੇਂ ਤਿਊਹਾਰ ਜਿੰਦਗੀ ਵਿਚ ਚੰਗੇ ਕੰਮ ਕਰਨ ਦੀ ਪ੍ਰੇਰਨਾ ਦਿੰਦੇ ਸਾਡੇ ਲਈ ਸ਼ਾਂਤੀ, ਬਿਹਤਰੀ ਅਤੇ ਖੁਸ਼ੀਆਂ ਲਿਆਉਣ ਵਾਲੇ ਹਨ। ਖੁਸ਼ੀ ਦੇ ਇਸ ਮੌਕੇ 'ਤੇ ਲੋਕਾਂ ਨੂੰ ਹਰ ਪ੍ਰਕਾਰ ਦੀਆਂ ਬੁਰਾਈਆਂ ਨੂੰ ਛੱਡ ਆਪਸੀ ਸਦਭਾਵ ਅਤੇ ਸਮੁਦਾਇਕ ਪ੍ਰੇਮ ਨੂੰ ਵਧਾਉਣ ਦੀ ਅਪੀਲ ਕਰਨੀ ਚਾਹੀਦੀ ਹੈ। ਸਮੁੱਚੇ ਰੂਪ ਵਿਚ ਇਹ ਦਿਨ ਆਪਸੀ ਰਿਸ਼ਤਿਆਂ ਨੂੰ ਮਜਬੂਤ ਕਰਨ ਅਤੇ ਆਪਸੀ ਭਾਈਚਾਰੇ ਨੂੰ ਵਧਾਉਣ ਦਾ ਦਿਨ ਹੈ ਜਿਸ ਅੰਤਰਗਤ ਮਨੁੱਖ ਆਪਣੇ ਮਨ ਵਿਚਲੀ ਨਫ਼ਰਤ ਦੀ ਭਾਵਨਾ ਨੂੰ ਖ਼ਤਮ ਕਰ ਇਕ ਦੂੱਜੇ ਨਾਲ ਇਕ ਤਿਓਹਾਰ ਦੀ ਮਾਧਿਅਮ ਰਾਹੀਂ ਮਿਲਦਾ ਹੈ ? ਇਹ ਤਿਓਹਾਰ ਸਾਨੂੰ ਉਸ ਏਕਤਾ ਦੀ ਸ਼ਕਤੀ ਅਤੇ ਨੈਤਿਕ ਮੁੱਲਾਂ ਦੀ ਪੁਨਰ-ਯਾਦ ਕਰਾਉਂਦੇ ਹਨ ਜਿਨ੍ਹਾਂ ਨੂੰ ਸਾਡਾ ਆਧੁਨਿਕ ਮਨੁੱਖ ਬਿਲਕੁਲ ਵਿਸਾਰ ਚੁੱਕਿਆ ਹੈ ? ਇਹ ਤਿਓਹਾਰ ਹੀ ਹਨ ਜੋ ਸਾਡੀਆਂ ਨੀਹਾਂ ਨੂੰ ਬਨ੍ਹ ਕੇ ਰੱਖਦੇ ਹਨ ? ਇਨ੍ਹਾਂ ਤਿਓਹਾਰਾਂ ਦੁਆਰਾ ਹੀ ਮਨੁੱਖੀ ਭਾਵਨਾ ਵਿਅਕਤੀਗਤ ਤੋਂ ਪਾਰ ਰਾਸ਼ਟਰੀ ਏਕਤਾ ਵੱਲ ਵਧਦੀ ਹੈ ? ਵਿਅਕਤੀ ਸਚ ਦੀ ਜਿੱਤ ਅਤੇ ਇੱਕਠ ਦੀ ਭਾਵਨਾ ਨੂੰ ਕਬੂਲਦਿਆਂ ਦਿਲੋਂ ਰਾਸ਼ਟਰ ਦੀ ਬਿਹਤਰੀ ਲਈ ਕੰਮ ਕਰਦਾ ਹੈ ? ਇਹ ਉਮੀਦ ਕੀਤੀ ਜਾਂਦੀ ਹੈ ਕਿ ਦੁਸ਼ਹਿਰੇ ਦਾ ਇਹ ਤਿਓਹਾਰ ਸਾਡੇ ਰਾਸ਼ਟਰ ਦੀ ਸੰਪਤੀ ਅਤੇ ਸ਼ਾਂਤੀ ਲਈ ਸਾਨੂੰ ਵੱਧ ਤੋਂ ਵੱਧ ਆਪਣੀਆਂ ਸੇਵਾਵਾਂ ਨੂੰ ਪ੍ਰਦਾਨ ਕਰਨ ਲਈ ਪ੍ਰੇਰਿਤ ਕਰੇਗਾ।

**ਡਾ. ਮਨੀਸ਼ਾ ਬੱਤਰਾ, ਦਿੱਲੀ**



# ਡਿਮੈਂਨਸ਼ੀਆ

## (ਯਾਦ ਰੱਖਣ ਦੀ ਸਮਰੱਥਾ ਦਾ ਘਟਣਾ)

ਡਿਮੈਂਨਸ਼ੀਆ (ਯਾਦ ਰੱਖਣ ਦੀ ਸਮਰੱਥਾ ਦਾ ਘਟਣਾ) ਇੱਕ ਬੁਢਾਪੇ ਦੀ ਬਿਮਾਰੀ ਹੈ, ਪਰ ਡਿਮੈਂਨਸ਼ੀਆ ਕਦੇ ਕਦੇ ਜਵਾਨ ਲੋਕਾਂ ਵਿੱਚ ਵੀ ਪਾਇਆ ਜਾਂਦਾ ਹੈ। ਕਿਉਂਕਿ ਅੱਜ ਕੱਲ ਜ਼ਿਆਦਾ ਉਮਰ ਵਾਲੇ ਲੋਕਾਂ ਦੀ ਗਿਣਤੀ ਵੱਧ ਰਹੀ ਹੈ, ਇਸ ਕਰਕੇ ਡਿਮੈਂਨਸ਼ੀਆ ਦੀ ਬਿਮਾਰੀ ਵੀ ਵੱਧ ਰਹੀ ਹੈ।

### ਕਾਰਨ

1. ਬੁਢਾਪਾ।
2. ਸਟ੍ਰੋਕ (ਲਕਵਾ ਜਾਂ ਅਧਰੰਗ)।
3. ਪਾਰਕਿਨਸਨ ਦੀ ਬਿਮਾਰੀ।
4. ਪਰਿਵਾਰਿਕ ਪਿਛੋਕੜ।

### ਕਿਸਮਾਂ

1. ਅਲਜ਼ਾਈਮਰ ਡਿਮੈਂਨਸ਼ੀਆ ਆਮ ਪਾਇਆ ਜਾਂਦਾ ਹੈ ਅਤੇ ਜ਼ਿਆਦਾਤਰ ਬੁਢਾਪੇ ਵਿੱਚ ਹੁੰਦਾ ਹੈ।
2. ਵੈਸਕੁਲਰ ਡਿਮੈਂਨਸ਼ੀਆ; ਸਟ੍ਰੋਕ (ਲਕਵਾ ਜਾਂ ਅਧਰੰਗ) ਤੋਂ ਬਾਅਦ।
3. ਪਾਰਕਿਨਸਨ ਦੀ ਬਿਮਾਰੀ ਦੇ ਨਾਲ ਡਿਮੈਂਨਸ਼ੀਆ।

### ਲੱਛਣ

1. ਯਾਦਾਸ਼ਤ ਦਾ ਹੌਲੀ ਹੌਲੀ ਘਟਣਾ; ਡਿਮੈਂਨਸ਼ੀਆ ਵਾਲੇ ਲੋਕ ਮੌਜੂਦਾ ਗੱਲਾਂ। ਭੁੱਲ ਜਾਂਦੇ ਹਨ, ਪਰ ਆਪਣੇ ਬਚਪਨ ਦੀਆਂ ਯਾਦਾਂ ਉਨ੍ਹਾਂ ਨੂੰ ਯਾਦ ਰਹਿੰਦੀਆਂ ਹਨ।
2. ਸੋਚਣ ਸ਼ਕਤੀ ਅਤੇ ਫ਼ੈਸਲਾ ਕਰਨ ਦੀ ਸ਼ਕਤੀ ਦਾ ਘਟਣਾ।
3. ਸਮਾਜਿਕ ਵਿਵਹਾਰ। ਪਰਖਣ ਵਿੱਚ ਗਿਰਾਵਟ ਆਉਣੀ।
4. ਸ਼ਾਮ ਅਤੇ ਰਾਤ ਸਮੇਂ ਦਿਮਾਗ਼ ਦੀ ਉਲਝਣ।

### ਰੋਕਥਾਮ/ਬਚਾਅ


1. ਦਿਮਾਗ਼ੀ ਕਸਰਤਾਂ ਜਿਵੇਂ ਕਿ ਪਹੇਲੀਆਂ ਸੁਲਝਾਉਣਾ, ਪੜ੍ਹਨਾ, ਲਿਖਣਾ।
2. ਮਾਨਸਿਕ ਤਣਾਓ ਤੋਂ ਮੁਕਤੀ ਪਾਉਣ ਲਈ ਤਰੀਕੇ ਸਿੱਖੋ (ਸਟ੍ਰੈੱਸ ਮੈਨੇਜਮੈਂਟ)।
3. ਸਿਹਤਮੰਦ ਆਦਤਾਂ ਅਪਣਾਓ।

### ਇਲਾਜ

ਡਿਮੈਂਨਸ਼ੀਆ ਨੂੰ ਪੂਰੀ ਤਰ੍ਹਾਂ ਨਾਲ ਠੀਕ ਕਰਨਾ ਅਜੇ ਸੰਭਵ ਨਹੀਂ ਹੋ ਸਕਿਆ। ਇਸਦੇ ਲੱਛਣਾਂ ਨੂੰ ਦਵਾਈਆਂ ਦੇ ਕੇ ਘਟਾਇਆ ਜਾ ਸਕਦਾ ਹੈ। ਸਮੇਂ ਦੇ ਨਾਲ ਨਾਲ ਡਿਮੈਂਨਸ਼ੀਆ ਵਾਲੇ ਵਿਅਕਤੀਆਂ। ਦੂਸਰਿਆਂ 'ਤੇ ਜ਼ਿਆਦਾ ਨਿਰਭਰ ਰਹਿਣਾ ਪੈਂਦਾ ਹੈ, ਇਸ ਲਈ ਭਵਿੱਖ ਦੀਆਂ ਜ਼ਰੂਰਤਾਂ ਬਾਰੇ ਪਹਿਲਾਂ ਹੀ ਤਿਆਰੀ ਕਰਨੀ ਬਹੁਤ ਜ਼ਰੂਰੀ ਹੈ।

# ਪਾਰਕਿੰਨਸਨ ਦੀ ਬਿਮਾਰੀ

ਦਿਮਾਗ਼ ਸਾਡੇ ਸਰੀਰ ਦੀਆਂ ਗਤੀਵਿਧੀਆਂ। ਕਾਬੂ ਵਿੱਚ ਰੱਖਦਾ ਹੈ। ਦਿਮਾਗ਼ ਦਾ ਜੋ ਹਿੱਸਾ ਸਾਡੇ ਸਰੀਰ ਦੀਆਂ ਗਤੀਵਿਧੀਆਂ। ਕਾਬੂ ਵਿੱਚ ਰੱਖਦਾ ਹੈ, ਉਸਨੂੰ ਬੇਸਲ ਗੈਂਗਲੀਆ ਕਿਹਾ ਜਾਂਦਾ ਹੈ ਜੋ ਵਿਚਕਾਰਲੇ ਦਿਮਾਗ਼ ਵਿੱਚ ਹੈ। ਪਾਰਕਿੰਨਸਨ ਦੀ ਬਿਮਾਰੀ ਦਾ ਕਾਰਨ ਬੇਸਲ ਗੈਂਗਲੀਆ ਦਾ ਖ਼ਰਾਬ ਹੋਣਾ ਹੈ। ਇਹ ਬਿਮਾਰੀ 50-65 ਸਾਲ ਦੀ ਉਮਰ ਦੇ ਲਗਭਗ ਸ਼ੁਰੂ ਹੁੰਦੀ ਹੈ। ਇਹ ਔਰਤਾਂ ਨਾਲੋਂ ਪੁਰਸ਼ਾਂ ਵਿੱਚ ਜ਼ਿਆਦਾ ਪਾਈ ਜਾਂਦੀ ਹੈ।




### ਕਾਰਨ


ਬਹੁਤ ਸਾਰੇ ਕੇਸਾਂ ਵਿੱਚ, ਕਾਰਨ ਦਾ ਪਤਾ ਨਹੀਂ ਲੱਗਦਾ। ਕੁਝ ਆਮ ਕਾਰਨ ਹੇਠ ਲਿਖੇ ਮੁਤਾਬਕ ਹਨ :

1. ਦਿਮਾਗ਼ ਵਿੱਚ ਵਾਰ-ਵਾਰ ਸੱਟ ਲੱਗਣਾ (ਮੁੱਕੇਬਾਜ਼ੀ)।
2. ਵਾਇਰਲ (ਜੀਵਾਣੂ) ਦਾ ਦੁਰਪ੍ਰਭਾਵ (ਐਨਸੈਫ਼ੇਲਾਈਟਸ)।
3. ਦਵਾਈਆਂ ਦੇ ਬੁਰੇ ਪ੍ਰਭਾਵ।
4. ਸਟ੍ਰੋਕ।
5. ਪਰਿਵਾਰਕ ਪਿਛੋਕੜ (15-20 ਪ੍ਰਤੀਸ਼ਤ)

### ਲੱਛਣ

ਇਸਦੇ ਲੱਛਣ ਇੱਕ ਕੈਮੀਕਲ ਦੀ ਘਾਟ ਕਾਰਨ ਹੁੰਦੇ ਹਨ, ਜਿਸ. ਡੋਪਾਮੀਨ ਕਿਹਾ ਜਾਂਦਾ ਹੈ, ਜੋ ਕਿ ਦਿਮਾਗ਼ ਵਿੱਚ ਬਣਦਾ ਹੈ। ਸ਼ੁਰੂ ਵਿੱਚ ਇਸਦੇ ਲੱਛਣ ਬਹੁਤ ਘੱਟ ਹੁੰਦੇ ਹਨ ਅਤੇ ਬਿਮਾਰੀ ਦੇ ਵਿਗੜਨ ਦੇ ਨਾਲ ਨਾਲ ਇਸਦੇ ਲੱਛਣ ਵੀ ਵਧਦੇ ਜਾਂਦੇ ਹਨ।

1. ਸਰੀਰ ਦਾ ਆਪਣੇ ਆਪ ਹਿਲਦੇ ਰਹਿਣਾ।
2. ਲੱਤਾਂ ਬਾਹਾਂ ਦੀਆਂ ਮਾਸਪੇਸ਼ੀਆਂ ਦਾ ਸਖ਼ਤ ਹੋਣਾ ਅਤੇ ਲਚਕੀਲਾਪਣ ਘਟਣਾ।
3. ਸਰੀਰ ਦੀਆਂ ਗਤੀਵਿਧੀਆਂ ਦਾ ਹੌਲੀ ਹੋਣਾ।
4. ਚਿਹਰੇ 'ਤੇ ਕੋਈ ਹਾਵ-ਭਾਵ ਨਾ ਹੋਣਾ।
5. ਚੱਲਣ ਸਮੇਂ ਛੋਟੇ ਕਦਮ ਪੁੱਟਣਾ।
6. ਮਾਨਸਿਕ ਨਿਰਾਸ਼ਾ।
7. ਖਾਣਾ ਚਬਾਉਣ ਜਾਂ ਅੰਦਰ ਲੰਘਾਉਣ ਵਿੱਚ ਤਕਲੀਫ਼।





### ਜਾਂਚ

ਸ਼ੁਰੂ ਵਿੱਚ ਪਾਰਕਿੰਨਸਨ ਦੀ ਬਿਮਾਰੀ ਦਾ ਪਤਾ ਲਗਾਉਣਾ ਮੁਸ਼ਕਲ ਹੈ। ਇਸ ਬਿਮਾਰੀ ਲਈ ਕੋਈ ਖ਼ੂਨ ਦਾ ਟੈਸਟ ਨਹੀਂ ਹੈ। ਇਸਨੂੰ ਪਰਿਵਾਰਿਕ ਪਿਛੋਕੜ ਦੀ ਜਾਣਕਾਰੀ ਪ੍ਰਾਪਤ ਕਰ ਕੇ ਅਤੇ ਦਿਮਾਗ਼ ਦਾ ਸਕੈਨ ਕਰ ਕੇ ਹੀ ਜਾਣਿਆ ਜਾ ਸਕਦਾ ਹੈ।

### ਇਲਾਜ

1. ਦਵਾਈਆਂ ਦੀ ਮੱਦਦ ਨਾਲ ਦਿਮਾਗ਼ ਵਿੱਚ ਡੋਪਾਮੀਨ ਦਾ ਪੱਧਰ ਵਧਦਾ ਹੈ ਅਤੇ ਲੱਛਣਾਂ 'ਤੇ ਕਾਬੂ ਪੈਂਦਾ ਹੈ। ਕੁਝ ਨਵੀਆਂ ਦਵਾਈਆਂ ਹਨ ਜਿਨ੍ਹਾਂ ਦੇ ਬੁਰੇ ਪ੍ਰਭਾਵ ਘੱਟ ਹਨ।
2. ਦਿਮਾਗ਼। ਮਸ਼ੀਨ (ਬ੍ਰੇਨ ਸਟੀਮਿਉਲੇਟਰ) ਨਾਲ ਉੱਤੇਜਿਤ ਕਰਨਾ ।
3. ਮਾਨਸਿਕ ਨਿਰਾਸ਼ਾ ਦਾ ਇਲਾਜ ਕਰੋ।
4. ਵਿਟਾਮਿਨ-ਈ ਮਦਦਗਾਰ ਹੋ ਸਕਦਾ ਹੈ।
5. ਫਿਜ਼ਿਓਥੈਰੇਪੀ (ਕਸਰਤ) ਅਤੇ ਸਪੀਚ ਥੈਰੇਪੀ (ਬੋਲਣ ਦਾ ਇਲਾਜ)।
6. ਦਿਮਾਗ਼ ਦਾ ਅਪ੍ਰੇਸ਼ਨ।

# ਅੱਖਾਂ ਦੀਆਂ ਬਿਮਾਰੀਆਂ



ਚਿੱਟਾ ਮੋਤੀਆ ਇੱਕ ਆਮ ਅਤੇ ਆਸਾਨੀ ਨਾਲ ਇਲਾਜ ਕੀਤੀ ਜਾਣ ਵਾਲੀ ਅੱਖਾਂ ਦੀ ਬਿਮਾਰੀ ਹੈ। ਇਹ ਅੱਖਾਂ ਦੇ ਲੈਂਜ਼ ਦਾ ਧੁੰਧਲਾਪਣ ਹੋਣ ਦੇ ਕਾਰਨ ਹੁੰਦੀ ਹੈ। ਇਸ ਨਾਲ ਅੱਖਾਂ ਦੀ ਰੋਸ਼ਨੀ ਘਟਦੀ ਹੈ, ਜੋ ਕਿ ਸਮੇਂ ਦੇ ਨਾਲ ਹੋਰ ਵੀ ਜ਼ਿਆਦਾ ਘਟਦੀ ਜਾਂਦੀ ਹੈ। ਚਿੱਟਾ ਮੋਤੀਆ ਇੱਕ ਅੱਖ ਜਾਂ ਦੋਵੇਂ ਅੱਖਾਂ ਵਿੱਚ ਹੋ ਸਕਦਾ ਹੈ। ਚਿੱਟੇ ਮੋਤੀਏ ਦਾ ਇਲਾਜ ਅਪ੍ਰੇਸ਼ਨ ਨਾਲ ਕੀਤਾ ਜਾ ਸਕਦਾ ਹੈ।

### ਕਾਰਨ

1. ਬੁਢਾਪੇ ਵਿੱਚ।
2. ਸ਼ੂਗਰ ਰੋਗ ਦਾ ਹੋਣਾ।
3. ਦਵਾਈਆਂ ਜਿਵੇਂ ਕਿ ਸਟਿਰੌਇਡ ਦਾ ਲੈਣਾ।
4. ਦਿਮਾਗ਼ ਦੇ ਬਹੁਤ ਜ਼ਿਆਦਾ ਐਕਸ-ਰੇ ਕਰਵਾਉਣਾ।
5. ਪਰਿਵਾਰਿਕ ਪਿਛੋਕੜ।
6. ਸੂਰਜ ਦੀ ਰੋਸ਼ਨੀ ਦਾ ਅੱਖਾਂ ਉੱਤੇ ਜ਼ਿਆਦਾ ਪ੍ਰਭਾਵ।
7. ਸਿਗਰਟ ਪੀਣਾ।
8. ਜਮਾਂਦਰੂ (ਜਨਮ ਦੇ ਸਮੇਂ ਤੋਂ)

### ਚਿੱਟਾ ਮੋਤੀਆ ਕਿਵੇਂ ਵਧਦਾ ਹੈ

ਸ਼ੁਰੂ ਵਿੱਚ ਚਿੱਟਾ ਮੋਤੀਆ ਛੋਟਾ ਹੁੰਦਾ ਹੈ ਅਤੇ ਅਪ੍ਰੇਸ਼ਨ ਦੀ ਜ਼ਰੂਰਤ ਨਹੀਂ ਪੈਂਦੀ। ਜਦੋਂ ਅੱਖ ਦਾ ਲੈਂਜ ਪੂਰਾ ਸਫ਼ੇਦ ਹੋ ਜਾਂਦਾ ਹੈ ਤਾਂ ਇਸਨੂੰ ਪੱਕਿਆ ਹੋਇਆ ਜਾਂ ਪੂਰੀ ਤਰ੍ਹਾਂ ਵਿਕਸਤ ਹੋਇਆ ਚਿੱਟਾ ਮੋਤੀਆ ਕਿਹਾ ਜਾਂਦਾ ਹੈ, ਜਿਸ ਨੂੰ ਅਪ੍ਰੇਸ਼ਨ ਦੀ ਜ਼ਰੂਰਤ ਹੁੰਦੀ ਹੈ।

### ਰੋਕਥਾਮ/ਬਚਾਅ

1. ਸੂਰਜ ਦੀ ਰੋਸ਼ਨੀ ਤੋਂ ਬਚੋ, ਅੱਖਾਂ ਨੂੰ ਢੱਕ ਕੇ ਰੱਖੋ, ਧੁੱਪ ਤੋਂ ਬਚਾਉਣ ਵਾਲੀਆਂ ਐਨਕਾਂ ਵਰਤੋ।
2. ਸਿਗਰਟ ਨਾ ਪੀਵੋ।
3. ਜੇਕਰ ਤੁਹਾਨੂੰ ਸ਼ੂਗਰ ਰੋਗ ਹੈ ਤਾਂ ਖ਼ੂਨ ਵਿੱਚ ਸ਼ੂਗਰ ਦੀ ਮਾਤਰਾ ਨੂੰ ਕੰਟਰੋਲ ਕਰੋ।
4. ਵਿਟਾਮਿਨ-ਏ ਯੁਕਤ ਫਲ ਅਤੇ ਸਬਜ਼ੀਆਂ ਖਾਓ ਜਿਵੇਂ ਕਿ ਗਾਜਰ ਅਤੇ ਹਰੀਆਂ ਸਬਜ਼ੀਆਂ।
5. ਸਟਿਰੌਇਡ ਦੀ ਵਰਤੋਂ ਨਾ ਕਰੋ।

### ਡਾਕਟਰ ਨੂੰ ਕਦੋਂ ਦਿਖਾਈਏ

1. ਧੁੰਦਲਾਪਣ ਤੇ ਦੋ-ਦੋ ਦਿੱਸਣਾ, ਜਿਸ ਨਾਲ ਤੁਹਾਡੀ ਰੋਜ਼ਾਨਾ ਜ਼ਿੰਦਗੀ 'ਤੇ ਪ੍ਰਭਾਵ ਪਵੇ।
2. ਦੇਖਣ ਵਿੱਚ ਅਚਾਨਕ ਬਦਲਾਓ ਆਉਣੇ।
3. ਅੱਖਾਂ ਵਿੱਚ ਦਰਦ ਹੋਣਾ।
4. ਚੁੰਧਿਆਉਣ ਵਾਲੀ ਰੋਸ਼ਨੀ ਵਿੱਚ ਦੇਖਣ ਸਮੇਂ ਤਕਲੀਫ਼ ਹੋਣਾ।
5. ਜੇਕਰ ਤੁਹਾਨੂੰ ਸ਼ੂਗਰ ਰੋਗ ਹੈ, ਤਾਂ ਤੁਹਾਨੂੰ ਹਰ 1-2 ਸਾਲ ਬਾਅਦ ਅੱਖਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

### ਚਿੱਟੇ ਮੋਤੀਏ ਦੀ ਜਾਂਚ

ਅੱਖਾਂ ਦੇ ਡਾਕਟਰ ਵੱਲੋਂ ਅੱਖਾਂ ਦੀ ਜਾਂਚ ਕਰਨ ਤੋਂ ਬਾਅਦ ਚਿੱਟੇ ਮੋਤੀਏ ਦੀ ਪੁਸ਼ਟੀ ਕੀਤੀ ਜਾਂਦੀ ਹੈ। ਡਾਕਟਰ ਇਹ ਜਾਂਚ ਕਰਨਗੇ ਕਿ ਇਹ ਚਿੱਟਾ ਮੋਤੀਆ ਹੈ ਜਾਂ ਕੋਈ ਅੱਖਾਂ ਦੀ ਹੋਰ ਬਿਮਾਰੀ ਹੈ, ਜਿਸ ਨਾਲ ਅੱਖਾਂ ਦੀ ਨਿਗਾਹ ਘੱਟ ਹੋ ਰਹੀ ਹੈ।

ਚਿੱਟੇ ਮੋਤੀਆ ਦਾ ਅਪ੍ਰੇਸ਼ਨ ਕਿਵੇਂ ਕੀਤਾ ਜਾਂਦਾ ਹੈ ?

ਅੱਖਾਂ ਦਾ ਲੈਂਜ਼ ਸਾਫ਼ ਦੇਖਣ ਵਿੱਚ ਅੱਖਾਂ ਦੇ ਫ਼ੋਕਸ ਨੂੰ ਸਥਿਰ ਕਰਦਾ ਹੈ। ਚਿੱਟੇ ਮੋਤੀਏ ਦੇ ਅਪ੍ਰੇਸ਼ਨ ਵਿੱਚ ਅੱਖਾਂ ਦੇ ਧੁੰਦਲੇ ਹੋਏ ਲੈਂਜ਼। ਬਦਲਿਆ ਜਾਂਦਾ ਹੈ। ਇਸ ਲੈਂਜ਼ ਦੇ ਸਥਾਨ 'ਤੇ ਨਕਲੀ ਲੈਂਜ਼ ਲਗਾਇਆ ਜਾਂਦਾ ਹੈ ਜਿਸ ਨੂੰ ਆਈ.ਓ.ਐੱਲ.. (ਇੰਟਰਾਔਕੁਲਰ ਲੈਂਜ਼) ਇੰਮਪਲਾਂਟ ਕਿਹਾ ਜਾਂਦਾ ਹੈ।

ਅਪ੍ਰੇਸ਼ਨ ਤੋਂ ਬਾਅਦ ਦੀਆਂ ਸਾਵਧਾਨੀਆਂ :

1. ਅੱਖਾਂ ਨੂੰ ਨਾ ਮਲੋ।
2. ਜ਼ਿਆਦਾ ਭਾਰ ਨਾ ਚੁੱਕੋ।
3. ਅੱਖਾਂ ਨੂੰ ਛੂਹਣ ਤੋਂ ਪਹਿਲਾਂ ਹੱਥ ਚੰਗੀ ਤਰ੍ਹਾਂ ਪਾਣੀ ਨਾਲ ਸਾਫ਼ ਕਰੋ।
4. ਕੁਝ ਦਿਨਾਂ ਲਈ ਗੱਡੀ ਚਲਾਉਣ ਤੋਂ ਪ੍ਰਹੇਜ਼ ਕਰੋ।
5. ਦਿਨ ਵੇਲੇ ਕਾਲੀਆਂ ਐਨਕਾਂ ਅਤੇ ਰਾਤ ਨੂੰ ਸੌਣ ਵੇਲੇ ਅੱਖਾਂ 'ਤੇ ਪੱਟੀ ਬੰਨ੍ਹੋ।
6. ਅਪ੍ਰੇਸ਼ਨ ਤੋਂ ਬਾਅਦ ਆਪਣੇ ਚਿਹਰੇ ਨੂੰ ਸਿਰਫ਼ ਗਿੱਲੇ ਕੱਪੜੇ ਨਾਲ ਸਾਫ਼ ਕਰੋ।


49 YEARS OF EXCELLENCE 1973 THE LINK GROUP 2021
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਸਪੈਸ਼ਲ ਸੈਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੇਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।
ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

****************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

****************

ਇੰਡੀਆ ਵਿਚ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", Msc, MCA ਲਈ ਇੰਡੀਆ ਵਿਚ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

****************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਂਏਚਏਨਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 **talwanid@hotmial.ca**

****************

34 ਸਾਲਾਂ 5'-3" **M.A. B.Ed.** ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

****************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662, Email: dharam.sidhu@yahoo.com

****************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁੰਦਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

****************

### ਲੜਕੀ ਦੀ ਲੋੜ

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਵ੍ਹ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

****************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ। ਸੰਪਰਕ: 604-809-3121

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੇਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।
ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ-604-339-2389



# ਨਿੰਬੂ ਲਿਆਵੇਗਾ ਚਿਹਰੇ ’ਤੇ ਨਿਖਾਰ

ਨਿੰਬੂ ਵਿਟਾਮਿਨ ਸੀ ਤੇ ਖਣਿਜਾਂ ਦਾ ਸ੍ਰੋਤ ਮੰਨਿਆ ਜਾਂਦਾ ਹੈ। ਇਸ ਨੂੰ ਪਾਣੀ ਮਿਲਾ ਕੇ ਹੀ ਵਰਤੋਂ ‘ਚ ਲਿਆਉਣਾ ਚਾਹੀਦਾ ਹੈ ਨਹੀਂ ਤਾਂ ਇਸ ਨਾਲ ਚਮੜੀ ਨੂੰ ਨੁਕਸਾਨ ਵੀ ਹੋ ਸਕਦਾ ਹੈ। ਇਸ ਦੇ ਗਾੜ੍ਹੇ ਘੋਲ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਹਾਲਾਂਕਿ ਗੋਡਿਆਂ ਤੇ ਕੂਹਣੀਆਂ ‘ਚ ਨਿੰਬੂ ਦੇ ਛਿਲਕਿਆਂ ਨੂੰ ਸਿੱਧਾ ਰਗੜ ਕੇ ਬਾਅਦ ‘ਚ ਪਾਣੀ ਨਾਲ ਧੋਇਆ ਜਾ ਸਕਦਾ ਹੈ। ਇਸ ਦੀ ਲਗਾਤਾਰ ਵਰਤੋਂ ਨਾਲ ਚਮੜੀ ਸਾਫ਼ ਤੇ ਗੋਰੀ ਬਣ ਜਾਂਦੀ ਹੈ। ਇਸ ਨਾਲ ਰੰਗਤ ‘ਚ ਨਿਖਾਰ ਆਉਂਦਾ ਹੈ। ਇਸ ਨੂੰ ਹੈਂਡ ਲੋਸ਼ਨ ਦੀ ਤਰ੍ਹਾਂ ਵੀ ਵਰਤੋਂ ‘ਚ ਲਿਆਂਦਾ ਜਾ ਸਕਦਾ ਹੈ। ਹਲਕੇ ਨਿੰਬੂ ਰਸ ਨੂੰ ਗੁਲਾਬ ਜਲ ‘ਚ ਮਿਲਾ ਕੇ ਹੱਥਾਂ ਦੀ ਚਮੜੀ ਨਾਲ ਮਲੋ। ਖੁਰਦਰੇ ਹੱਥਾਂ ਲਈ ਨਿੰਬੂ ਜੂਸ ਤੇ ਦਾਣੇਦਾਰ ਖੰਡ ਦੇ ਮਿਸ਼ਰਣ ਨੂੰ ਹੱਥਾਂ ‘ਤੇ ਉਦੋਂ ਤਕ ਮਲੋ ਜਦੋਂ ਤਕ ਖੰਡ ਪੂਰੀ ਤਰ੍ਹਾਂ ਘੁਲ ਨਾ ਜਾਵੇ। ਥੋੜ੍ਹੀ ਦੇਰ ਬਾਅਦ ਹੱਥਾਂ ਨੂੰ ਤਾਜ਼ੇ ਪਾਣੀ ਨਾਲ ਧੋ ਲਵੋ। ਇਸ ਮਿਸ਼ਰਣ ਦੀ ਲਗਾਤਾਰ ਵਰਤੋਂ ਨਾਲ ਹੱਥਾਂ ਦੀ ਚਮੜੀ ਮੁਲਾਇਮ ਹੁੰਦੀ ਹੈ ਤੇ ਚਮੜੀ ‘ਚ ਨਿਖਾਰ ਆਉਂਦਾ ਹੈ। ਵਾਲਾਂ ਨੂੰ ਚਮਕੀਲਾ ਤੇ ਮੁਲਾਇਮ ਬਣਾਉਣ ਲਈ ਨਿੰਬੂ ਰਸ ਨੂੰ ਟੀ ਵਾਟਰ ‘ਚ ਮਿਲਾ ਕੇ ਵਾਲ ਧੋਣ ਲਈ ਵਰਤੋਂ। ਉਬਲੀ ਹੋਈ ਚਾਹ ਪੱਤੀ ਨੂੰ ਪਾਣੀ ‘ਚ ਉਬਾਲ ਕੇ ਇਸ ਰਸ ਨੂੰ ਠੰਢਾ ਹੋਣ ਦਿਓ। ਇਸ ਠੰਢੇ ਰਸ ‘ਚ ਨਿੰਬੂ ਰਸ ਮਿਲਾ ਕੇ ਵਾਲ ਧੋਣ ਨਾਲ ਇਹ ਮੁਲਾਇਮ ਤੇ ਚਮਕੀਲੇ ਬਣਦੇ ਹਨ। ਨਿੰਬੂ ਦੇ ਛਿਲਕਿਆਂ ਨੂੰ ਸੁਕਾ ਕੇ ਇਸ ਦਾ ਪਾਊਡਰ ਬਣਾ ਕੇ ਇਸ ਨੂੰ ਫੇਸ ਪੈਕ ਤੇ ਸਕਰਬ ‘ਚ ਵਰਤਿਆ ਜਾ ਸਕਦਾ ਹੈ।

# <u>ਰਸੋਈ</u> : ਵੈੱਜ ਮੈਕ੍ਰੋਨੀ

### ਸਮੱਗਰੀ

• 1 ਕੱਪ ਮੈਕ੍ਰੋਨੀ • 1 ਸ਼ਿਮਲਾ ਮਿਰਚ • ਅੱਧਾ ਕੱਪ ਬੰਦ ਗੋਭੀ ਬਾਰੀਕ ਕੱਟੀ ਹੋਈ • 2 ਟਮਾਟਰ • 1-2 ਗਾਜਰ • 1 ਬਾਰੀਕ ਕੱਟੀ ਹਰੀ ਮਿਰਚ • 3-4 ਵੱਡੇ ਚੱਮਚ ਟੋਮੈਟੋ ਸੌਸ • 2 ਵੱਡੇ ਚੱਮਚ ਤੇਲ • 2 ਵੱਡੇ ਚੱਮਚ ਬਾਰੀਕ ਕੱਟਿਆ ਹਰਾ ਧਨੀਆ • 1 ਛੋਟਾ ਚੱਮਚ ਚਾਟ ਮਸਾਲਾ • ਅੱਧੇ ਛੋਟੇ ਚੱਮਚ ਤੋਂ ਥੋੜ੍ਹਾ ਘੱਟ ਲਾਲ ਮਿਰਚ ਪਾਊਡਰ • ਨਮਕ ਸਵਾਦ ਅਨੁਸਾਰ • 1 ਛੋਟਾ ਚੱਮਚ ਅਦਰਕ ਪੇਸਟ।



### ਵਿਧੀ

ਸਭ ਤੋਂ ਪਹਿਲਾਂ ਮੈਕ੍ਰੋਨੀ ਨੂੰ ਕਿਸੇ ਬਰਤਨ ’ਚ 2-3 ਕੱਪ ਪਾਣੀ ਪਾ ਕੇ ਉਬਲਣ ਲਈ ਰੱਖ ਦਿਓ। ਉਬਾਲਾ ਆਉਣ ’ਤੇ ਇਸ ’ਚ 1 ਚੱਮਚ ਤੇਲ, ਅੱਧਾ ਛੋਟਾ ਚੱਮਚ ਨਮਕ ਅਤੇ ਮੈਕ੍ਰੋਨੀ ਪਾ ਕੇ 10-12 ਮਿੰਟ ਉਬਲਣ ਦਿਓ ਅਤੇ ਵਿਚ-ਵਿਚ ਹਿਲਾਉਂਦੇ ਰਹੋ। ਸਾਰੀਆਂ ਸਬਜ਼ੀਆਂ ਸ਼ਿਮਲਾ ਮਿਰਚ, ਗਾਜਰ, ਟਮਾਟਰ ਅਤੇ ਬੰਦ ਗੋਭੀ ਨੂੰ ਚੰਗੀ ਤਰ੍ਹਾਂ ਧੋ ਕੇ ਸੁਕਾ ਕੇ ਬਾਰੀਕ-ਬਾਰੀਕ ਕੱਟ ਕੇ ਤਿਆਰ ਕਰ ਲਓ। ਮੈਕ੍ਰੋਨੀ ਪੱਕ ਕੇ ਤਿਆਰ ਹੈ, ਇਸ ਨੂੰ ਛਾਣਨੀ ਨਾਲ ਛਾਣ ਲਓ ਅਤੇ ਪਾਣੀ ਕੱਢ ਕੇ ਵੱਖਰਾ ਕਰ ਦਿਓ। ਪੈਨ ’ਚ ਤੇਲ ਪਾ ਕੇ ਗਰਮ ਕਰ ਲਓ, ਤੇਲ ਗਰਮ ਹੋਣ ’ਤੇ ਇਸ ’ਚ ਅਦਰਕ ਦਾ ਪੇਸਟ ਤੇ ਬਾਰੀਕ ਕੱਟੀ ਹਰੀ ਮਿਰਚ ਪਾ ਕੇ ਹਲਕਾ ਜਿਹੀ ਭੁੰਨ ਲਓ। ਹੁਣ ਇਸ ’ਚ ਬਾਰੀਕ ਕੱਟੀ ਗਾਜਰ ਅਤੇ ਸ਼ਿਮਲਾ ਮਿਰਚ ਪਾ ਕੇ ਥੋੜ੍ਹਾ ਜਿਹਾ ਭੁੰਨੋ। ਸਬਜ਼ੀਆਂ ਕ੍ਰੰਚੀ ਹੋ ਜਾਣ ’ਤੇ ਇਸ ’ਚ ਬੰਦ ਗੋਭੀ ਅਤੇ ਟਮਾਟਰ ਪਾ ਕੇ ਇਨ੍ਹਾਂ ਨੂੰ ਵੀ ਦੋ ਮਿੰਟ ਭੁੰਨ ਲਓ। ਸਬਜ਼ੀਆਂ ’ਚ ਨਮਕ, ਚਾਟ ਮਸਾਲਾ, ਲਾਲ ਮਿਰਚ ਪਾਊਡਰ ਅਤੇ ਟੋਮੈਟੋ ਸੌਸ ਪਾ ਕੇ ਚੰਗੀ ਤਰ੍ਹਾਂ ਰਲਾਉਂਦੇ ਹੋਏ ਥੋੜ੍ਹਾ ਜਿਹਾ ਪਕਾਓ। ਹੁਣ ਇਸ ’ਚ ਮੈਕ੍ਰੋਨੀ ਪਾ ਕੇ ਮਿਕਸ ਕਰੋ। ਥੋੜ੍ਹਾ ਜਿਹਾ ਹਰਾ ਧਨੀਆ ਪਾ ਦਿਓ ਅਤੇ 1 ਮਿੰਟ ਹਿਲਾਉਂਦੇ ਹੋਏ ਮੈਕ੍ਰੋਨੀ ਨੂੰ ਸਬਜ਼ੀਆਂ ਨਾਲ ਪਕਾ ਲਓ। ਗਰਮਾ-ਗਰਮ ਵੈੱਜ ਮੈਕ੍ਰੋਨੀ ਬਣ ਕੇ ਤਿਆਰ ਹੈ, ਇਸ ਨੂੰ ਕਿਸੇ ਪਲੇਟ ’ਚ ਕੱਢ ਕੇ ਹਰੇ ਧਨੀਏ ਨਾਲ ਗਾਰਨਿਸ਼ ਕਰੋ, ਸਵਾਦੀ ਮੈਕ੍ਰੋਨੀ ਪਰੋਸੋ ਤੇ ਖਾਓ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

# ‘ਸਿੱਖ’ ਬਣਨ ਵਾਸਤੇ ਅੰਮ੍ਰਿਤ ਛਕਣਾ ਅਤੇ ਕੇਸ ਰੱਖਣੇ ਜ਼ਰੂਰੀ ਨਹੀਂ; ਸ਼ਰਧਾ ਜ਼ਰੂਰੀ ਹੈ-ਠਾਕੁਰ ਦਲੀਪ ਸਿੰਘ

ਸਰੀ (ਹਰਦਮ ਮਾਨ)-ਸਿੱਖ ਬਣਨ ਵਾਸਤੇ ਅੰਮ੍ਰਿਤ ਛਕਣਾ ਅਤੇ ਕੇਸਾਧਾਰੀ ਬਣਨਾ ਜ਼ਰੂਰੀ ਨਹੀਂ, ਕੇਵਲ ‘ਸ਼ਰਧਾ’ ਚਾਹੀਦੀ ਹੈ। ਇਹ ਵਿਚਾਰ ਪ੍ਰਗਟ ਕਰਦਿਆਂ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਨੇ ਕਿਹਾ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ, ਮੋਨੇ ਸ਼ਰਧਾਲੂ ਅੰਮ੍ਰਿਤ ਛਕਣ ਤੋਂ ਬਿਨਾਂ ਸਿੱਖ ਸਨ ਅਤੇ ਅੱਜ ਵੀ ‘ਸਿੱਖ’ ਹਨ। ਇਸ ਤਰ੍ਹਾਂ ਸਿੱਖਾਂ ਦੀ ਗਿਣਤੀ ਦੋ ਕਰੋੜ ਨਹੀਂ, ਪੰਜਾਹ ਕਰੋੜ ਹੈ। ਉਨ੍ਹਾਂ ਕਿਹਾ ਕਿ ਦਸ਼ਮੇਸ਼ ਜੀ ਸਮੇਂ ਭਾਈ ਘਨੱਈਆ, ਭਾਈ ਨੰਦ ਲਾਲ, ਦੀਵਾਨ ਟੋਡਰ ਮੱਲ, ਮੋਤੀ ਲਾਲ ਮਹਿਰਾ, ਨਬੀ ਖਾਂ, ਗ਼ਨੀ ਖਾਂ ਆਦਿ ਬਿਨਾਂ ਅੰਮ੍ਰਿਤ ਛਕੇ ਤੋਂ ਵੀ ਮਹਾਨ ‘ਸਿੱਖ’ ਸਨ ਅਤੇ ਕਈ ਨਵੇਂ ਸ਼ਰਧਾਲੂ ਵੀ ਬਿਨਾਂ ਅੰਮ੍ਰਿਤ ਛਕੇ ਤੋਂ ਉਸ ਸਮੇਂ ‘ਸਿੱਖ’ ਬਣਦੇ ਸਨ। ਜੇ ਉਸ ਸਮੇਂ ਬਿਨਾਂ ਅੰਮ੍ਰਿਤ ਛਕਣ ਵਾਲੇ, ਕੇਸ ਰਹਿਤ ‘ਮਹਾਨ ਸਿੱਖ’ ਸਨ ਤਾਂ ਅੱਜ ਅੰਮ੍ਰਿਤ ਰਹਿਤ ਮੋਨੇ ਸ਼ਰਧਾਲੂ ‘ਸਿੱਖ’ ਕਿਉਂ ਨਹੀਂ ਹਨ ਅਤੇ ਨਵੇਂ ਸ਼ਰਧਾਲੂ ਬਿਨਾਂ ਅੰਮ੍ਰਿਤ ਛਕਿਆਂ ‘ਸਿੱਖ’ ਕਿਉਂ ਨਹੀਂ ਬਣ ਸਕਦੇ? ਨਾਮਧਾਰੀ ਮੁਖੀ ਨੇ ਅੱਗੇ ਕਿਹਾ ਕਿ ਦਸ਼ਮੇਸ਼ ਜੀ ਨੇ ਆਪਣੀ ਰਸਨਾ ਤੋਂ ਐਸਾ ਬਚਨ ਕਦੀ ਵੀ ਨਹੀਂ ਕੀਤਾ ‘ਜੋ ਅੰਮ੍ਰਿਤ ਨਾ ਛਕੇ, ਕੇਸ ਦਾੜ੍ਹੀ ਨਾ ਰੱਖੇ; ਉਹ ਸਿੱਖ ਹੀ ਨਹੀਂ’। ਗੁਰੂ ਜੀ ਨੇ ਤਾਂ ਆਪਣੀ ਬਾਣੀ ਵਿੱਚ ਸਪੱਸ਼ਟ ਲਿਖਿਆ ਹੈ ‘ਕੇਸ ਧਰੇ ਨ ਮਿਲੇ ਹਰਿ ਪਿਆਰੇ’। ਆਦਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਨਹੀਂ ਲਿਖਿਆ ‘ਅੰਮ੍ਰਿਤ ਛਕਣ ਅਤੇ ਕੇਸ ਰੱਖਣ ਤੋਂ ਬਿਨਾਂ ‘ਸਿੱਖ’ ਨਹੀਂ ਹੋ ਸਕਦਾ’।



ਫਿਰ ਅਸੀਂ ਅੰਮ੍ਰਿਤਧਾਰੀ ਖਾਲਸੇ, ਕਿਉਂ ਇਸ ਭੁਲੇਖੇ ਵਿੱਚ ਪੈ ਗਏ ਹਾਂ ਕਿ ਸਿਰਫ਼ ਕੇਸ ਰੱਖਣ ਵਾਲਾ ਅੰਮ੍ਰਿਤਧਾਰੀ ਹੀ ‘ਸਿੱਖ’ ਹੋ ਸਕਦਾ ਹੈ? ‘ਅੰਮ੍ਰਿਤਧਾਰੀ ਖਾਲਸਿਆਂ’ ਨੂੰ ਸਨਿਮਰ ਬੇਨਤੀ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਵਿੱਚ ਵੀ ਆਪਣੇ ਸਾਰੇ ਸ਼ਰਧਾਲੂ ਸੇਵਕਾਂ ਨੂੰ ਅੰਮ੍ਰਿਤ ਛਕ ਕੇ, ਕੇਸਾਧਾਰੀ ਖਾਲਸਾ ਬਣਨ ਵਾਸਤੇ ਮਜਬੂਰ ਨਹੀਂ ਕੀਤਾ ਤਾਂ ਆਪਾਂ ਕਿਉਂ ਸਾਰਿਆਂ ਨੂੰ ਅੰਮ੍ਰਿਤ ਛਕ ਕੇ, ਕੇਸਾਧਾਰੀ ਬਣਨ ਵਾਸਤੇ ਮਜਬੂਰ ਕਰ ਰਹੇ ਹਾਂ? ਆਪਾਂ ਕਿਉਂ ਕਹਿ ਰਹੇ ਹਾਂ ਕਿ ਕਿ ‘ਸਿੱਖ’ ਬਣਨ ਵਾਸਤੇ ਹਰ ਇੱਕ ਨੂੰ ਅੰਮ੍ਰਿਤ ਛਕਣਾ ਅਤੇ ਕੇਸਾਧਾਰੀ ਬਣਨਾ ਅਤਿਅੰਤ ਜ਼ਰੂਰੀ ਹੈ? ਸਿੱਖ ਬਣਨ ਵਾਸਤੇ ਤਾਂ ਕੇਵਲ ‘ਸ਼ਰਧਾ’ ਚਾਹੀਦੀ ਹੈ ‘ਸਤਿਗੁਰ ਕੀ ਨਿਤ ਸਰਧਾ ਲਾਗੀ ਮੋ ਕਉ’। ਉਨ੍ਹਾਂ ਕਿਹਾ ਕਿ ਅੰਮ੍ਰਿਤਧਾਰੀ ਖਾਲਸਿਆਂ ਨੂੰ ਆਪਣੀ ਸੰਕੀਰਣ ਕੱਟੜ ਸੋਚ ਛੱਡ ਕੇ, ਵਿਸ਼ਾਲ ਸੋਚ ਬਣਾ ਕੇ, ਹੋਰਨਾਂ ਪ੍ਰਾਣੀਆਂ ਨੂੰ ਆਪਣੇ ਨਾਲ ਜੋੜਣ ਲਈ ਅੰਮ੍ਰਿਤ-ਰਹਿਤ ਅਤੇ ਕੇਸ-ਰਹਿਤ ਸ਼ਰਧਾਲੂ (ਮੋਨਿਆਂ) ਨੂੰ ਵੀ ‘ਸਿੱਖ’ ਪ੍ਰਵਾਨ ਕਰ ਲੈਣਾ ਚਾਹੀਦਾ ਹੈ, ਜੋ ਕਿ ਸਤਿਗੁਰੂ ਨਾਨਕ ਦੇਵ ਜੀ ਦੀ ਸਿੱਖੀ ਵਿੱਚ ਪ੍ਰਵਾਨਿਤ ਹੈ। ਇਹ ਵਿਚਾਰਨ ਦੀ ਲੋੜ ਹੈ ਕਿ ਵਰ੍ਹਦੀਆਂ ਗੋਲੀਆਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੂੰ ਚੁੱਕ ਕੇ ਲਿਜਾਣ ਵਾਲੇ ਗ਼ਨੀ ਖਾਂ, ਨਬੀ ਖਾਂ, ਸਾਹਿਬਜ਼ਾਦਿਆਂ ਨੂੰ ਦੁੱਧ ਪਿਆਉਣ ਵਾਲੇ ਮੋਤੀ ਲਾਲ ਮਹਿਰਾ ਅਤੇ ਕਰੋੜਾਂ ਰੁਪਏ ਦੇ ਫੁੱਲਾਂ ਨਾਲ ਹਰਿਮੰਦਰ ਸਾਹਿਬ ਦੀ ਸੇਵਾ ਕਰਨ ਵਾਲੇ ਕੇ. ਕੇ. ਸ਼ਰਮਾ ਆਦਿ ਸਿੱਖ ਕਿਉਂ ਨਹੀਂ ਹਨ? ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਬਚਨ ਮੰਨਣ ਵਾਲੇ ਹਰ ਸ਼ਰਧਾਲੂ ਨੂੰ ‘ਸਿੱਖ’ ਪ੍ਰਵਾਨ ਕੀਤਾ ਹੈ ‘ਸੋ ਸਿਖੁ, ਸਖਾ, ਬੰਧਪੁ ਹੈ ਭਾਈ: ਜਿ ਗੁਰ ਕੇ ਭਾਣੇ ਵਿਚਿ ਆਵੈ’ (ਮ.੩)। ਫਿਰ ‘ਅੰਮ੍ਰਿਤ ਰਹਿਤ ਅਤੇ ਕੇਸ ਰਹਿਤ (ਮੋਨੇ) ‘ਸਿੱਖ’ ਨਹੀਂ’ ਦਾ ਪ੍ਰਮਾਣ ਪੱਤਰ ਆਪਾਂ ਕਿਸੇ ਨੂੰ ਕਿਵੇਂ ਦੇ ਸਕਦੇ ਹਾਂ? ਠਾਕੁਰ ਦਲੀਪ ਸਿੰਘ ਨੇ ਸਪੱਸ਼ਟ ਕੀਤਾ ਕਿ ‘ਅੰਮ੍ਰਿਤਧਾਰੀ-ਕੇਸਾਧਾਰੀ’ ਖਾਲਸਾ ਤਾਂ ਸਤਿਗੁਰੂ ਜੀ ਨੇ ਕੇਵਲ ਇੱਕ ਵਿਸ਼ੇਸ਼ ਕਾਰਜ ਲਈ ਬਣਾਇਆ ਸੀ; ਜੋ ‘ਗੁਰੂ ਨਾਨਕ ਨਾਮ ਲੇਵਾ’ ਸਿੱਖ ਪੰਥ ਦੀ ਇੱਕ ਸ੍ਰੇਸ਼ਟ ਸੰਪਰਦਾ ਹੈ। ਇਸ ਲਈ ਸਾਰੇ ਅੰਮ੍ਰਿਤਧਾਰੀਆਂ ਨੂੰ ਆਪਣੀ ਸੰਕੀਰਣ ਸੋਚ ਤਿਆਗ ਕੇ ਅਤੇ ਵਿਸ਼ਾਲ ਸੋਚ ਅਪਣਾ ਕੇ ਸਾਰੇ ‘ਗੁਰੂ ਨਾਨਕ ਨਾਮ ਲੇਵਾ’ ਨੂੰ ਹਰ ਵਿਸ਼ਵਾਸ ਅਤੇ ਹਰ ਸਰੂਪ ਸਿੱਖ ਪ੍ਰਵਾਨ ਕਰ ਲੈਣਾ ਚਾਹੀਦਾ ਹੈ, ਤਾਂ ਜੋ ਸਾਰੇ ਪਾਸੇ ਸਤਿਗੁਰੂ ਨਾਨਕ ਦੇਵ ਜੀ ਦੀ ਜੈ ਜੈ ਕਾਰ ਹੋ ਸਕੇ।

## ਪਰਵਾਸੀ ਦਰਦ ਦੀ ਕਹਾਣੀ ‘ਸਰਦਾਰਾ ਐਂਡ ਸੰਨਜ਼’ 27 ਅਕਤੂਬਰ ਨੂੰ ਹੋਵੇਗੀ ਰੀਲੀਜ਼

ਸਰੀ-ਨਿਊਕਲੀਅਰ ਪ੍ਰੋਡਕਸ਼ਨ ਦੇ ਬੈਨਰ ਹੇਠ ਨਵੀਂ ਬਣੀ ਪੰਜਾਬੀ ਫਿਲਮ "ਸਰਦਾਰਾ ਐਂਡ ਸੰਨਜ਼" ਇਸ 27 ਅਕਤੂਬਰ ਨੂੰ ਵਿਸ਼ਵ ਭਰ ਦੇ ਸਿਨੇਮਾ ਘਰਾਂ ਵਿਚ ਰੀਲੀਜ਼ ਹੋਣ ਜਾ ਰਹੀ ਹੈ। ਅੱਜ ਇਥੇ ਫਿਲਮ ਦੇ ਨਿਰਮਾਤਾ ਅਮਨਦੀਪ ਸਿੰਘ ਤੇ ਡਾਇਰੈਕਟਰ ਸਰਬ ਨਾਗਰਾ ਨੇ ਫਿਲਮ ਦੀ ਸਟਾਰ ਕਾਸਟਿੰਗ ਵਿਚ ਸ਼ਾਮਿਲ ਪ੍ਰਸਿੱਧ ਪੰਜਾਬੀ ਅਭਿਨੇਤਾ ਯੋਗਰਾਜ ਸਿੰਘ ਤੇ ਸਰਬਜੀਤ ਚੀਮਾ ਨਾਲ ਪੱਤਰਕਾਰਾਂ ਦੇ ਰੂਬਰੂ ਹੁੰਦਿਆਂ ਆਪਣੀ ਇਸ ਫਿਲਮ ਬਾਰੇ ਜਾਣਕਾਰੀ ਸਾਂਝੀ ਕੀਤੀ। ਫਿਲਮ ਦਾ ਟਰੇਲਰ ਵਿਖਾਉਣ ਉਪਰੰਤ ਫਿਲਮ ਦੇ ਨਿਰਮਾਤਾ ਅਮਨਦੀਪ ਸਿੰਘ ਨੇ ਇਸ ਫਿਲਮ ਦੀ ਕਹਾਣੀ ਅਤੇ ਇਸਨੂੰ ਬਣਾਉਣ ਦੇ ਮਕਸਦ ਅਤੇ ਸੁਨੇਹਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਪਰੰਤ ਫਿਲਮ ਵਿਚ ਸਰਦਾਰਾ ਸਿੰਘ ਦੀ ਭੂਮਿਕਾ ਨਿਭਾਉਣ ਵਾਲੇ ਉਘੇ ਅਭਿਨੇਤਾ ਯੋਗਰਾਜ ਸਿੰਘ ਨੇ ਫਿਲਮ ਦੀ ਕਹਾਣੀ ਰਾਹੀ ਪ੍ਰਵਾਸੀ ਪਰਿਵਾਰਾਂ ਅਤੇ ਨਵੀ ਪੀੜੀ ਨੂੰ ਆਪਣੇ ਮਾਪਿਆਂ ਦੇ ਸਤਿਕਾਰ ਅਤੇ ਸਾਂਭ ਸੰਭਾਲ ਦਾ ਮੈਸਜ ਦੇਣ ਦੇ ਨਾਲ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਅਤੇ ਜੜਾਂ ਨਾਲ ਜੁੜੇ ਰਹਿਣ ਦਾ ਸੱਦਾ ਦਿੱਤਾ। ਉਹਨਾਂ ਫਿਲਮ ਦੀ ਕਹਾਣੀ, ਇਸ ਵਿਚ ਨਿਭਾਈ ਆਪਣੀ ਭੂਮਿਕਾ ਦੇ ਨਾਲ ਆਪਣੀ ਪਰਿਵਾਰਕ ਕਹਾਣੀ ਨੂੰ ਜੋੜਦਿਆਂ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਤੋ ਮਿਲਣ ਵਾਲੇ ਸਤਿਕਾਰ ਤੋਂ ਇਲਾਵਾ ਹੋਰ ਕੁਝ ਨਹੀ ਲੋੜੀਂਦਾ। ਗਾਇਕ ਤੋਂ ਫਿਲਮ ਅਭਿਨੇਤਾ ਬਣੇ ਸਰਬਜੀਤ ਚੀਮਾ ਨੇ ਪੰਜਾਬੀ ਦਰਸ਼ਕਾਂ ਤੇ ਸਰੋਤਿਆਂ ਵਲੋਂ ਉਹਨਾਂ ਨੂੰ ਪਹਿਲਾਂ ਮਿਲੇ ਹੁੰਗਾਰੇ ਤੇ ਪਿਆਰ ਵਾਂਗ ਇਸ ਫਿਲਮ ਨੂੰ ਵੀ ਭਰਵਾਂ ਹੁੰਗਾਰਾ ਦੇਣ ਦੀ ਅਪੀਲ ਕੀਤੀ। ਉਹਨਾਂ ਵਿਦੇਸ਼ ਵਿਚ ਸੈਟਲ ਹੋਣ ਲਈ ਸਖਤ ਮਿਹਨਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਫਿਲਮ ਸਰਦਾਰਾ ਐਂਡ ਸੰਨਜ ਪਰਵਾਸੀ ਪੰਜਾਬੀ ਪਰਿਵਾਰਾਂ ਨੂੰ ਇਕ ਚੰਗਾ ਸੁਨੇਹਾ ਦੇਣ ਵਾਲੀ ਫਿਲਮ ਹੈ। ਇਸ ਮੌਕੇ ਉਘੇ ਬਿਜਨੈਸਮੈਨ ਜੇ ਮਿਨਹਾਸ, ਸੁੱਖੀ ਬਾਠ, ਜੋਤੀ ਸਹੋਤਾ, ਲੱਕੀ ਸੰਧੂ , ਡਾ ਹਾਕਮ ਭੁੱਲਰ, ਡਾ ਜਸਵਿੰਦਰ ਦਿਲਾਵਰੀ ਤੇ ਪ੍ਰੋ ਗੋਪਾਲ ਸਿੰਘ ਬੁੱਟਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਤੇ ਫਿਲਮ ਨਿਰਮਾਤਾ ਤੇ ਕਲਾਕਾਰਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਪੱਤਰਕਾਰਾਂ ਵਲੋਂ ਫਿਲਮ ਨਾਲ ਸਬੰਧਿਤ ਸਵਾਲ ਵੀ ਪੁੱਛੇ ਜਿਹਨਾਂ ਦੇ ਕਲਾਕਾਰਾਂ ਤੇ ਫਿਲਮ ਨਿਰਮਾਤਾ ਨੇ ਜਵਾਬ ਦਿੱਤੇ। ਮੰਚ ਸੰਚਾਲਨ ਦੀ ਜਿੰਮੇਵਾਰੀ ਉਘੇ ਟੀਵੀ ਹੋਸਟ ਦਵਿੰਦਰ ਬੈਨੀਪਾਲ ਨੇ ਨਿਭਾਈ। ਫਿਲਮ ਦੀ ਕਹਾਣੀ- ਫਿਲਮ ਸਰਦਾਰ ਐਂਡ ਸੰਨਜ਼ ਦੀ ਕਹਾਣੀ ਇਕ ਪਰਿਵਾਰਕ ਡਰਾਮਾ ਹੈ ਜਿਸ ਵਿਚ ਯੋਗਰਾਜ ਸਿੰਘ ਨੇ ਸਰਦਾਰਾ ਸਿੰਘ ਚਾਹਲ ਅਤੇ ਉਸਦੇ ਦੋ ਪੁੱਤਰਾਂ ਦੀ ਭੂਮਿਕਾ ਸਰਬਜੀਤ ਚੀਮਾ ਨੇ ਦਲਜੀਤ ਸਿੰਘ ਚਾਹਲ ਤੇ ਪ੍ਰਿੰਸ ਰੌਸ਼ਨ ਨੇ ਇੰਦਰਜੀਤ ਸਿੰਘ ਚਾਹਲ ਵਜੋਂ ਨਿਭਾਈ ਹੈ। ਫਿਲਮ ਦੀ ਕਹਾਣੀ ਪੰਜਾਬ ਦੇ ਇਕ ਹਸਦੇ ਵਸਦੇ ਪਰਿਵਾਰ ਦੇ ਕੈਨੇਡਾ ਵਿਚ ਪਰਵਾਸ ਨਾਲ ਸ਼ੁਰੂ ਹੁੰਦੀ ਹੈ। ਕਹਾਣੀ ਵਿਚ ਮੋੜ ਉਦੋ ਆਉਂਦਾ ਹੈ ਜਦੋਂ ਸਰਦਾਰਾ ਸਿੰਘ ਚਾਹਲ ਆਪਣੀ ਪਤਨੀ ਤੇ ਛੋਟੇ ਪੁੱਤਰ ਇੰਦਰਜੀਤ ਸਿੰਘ ਚਾਹਲ ਨਾਲ ਕੈਨੇਡਾ ਵਿਚ ਵਸਦੇ ਵੱਡੇ ਪੁੱਤਰ ਦਲਜੀਤ ਸਿੰਘ ਚਾਹਲ ਕੋਲ ਪੱਕੇ ਆਕੇ ਰਹਿਣ ਲੱਗਦੇ ਹਨ। ਇਸ ਦੌਰਾਨ ਇਕ ਪਰਿਵਾਰ ਵਿਚ ਦੋ ਮੁਲਕਾਂ ਦੇ ਸਭਿਆਚਾਰਕ ਵਖਰੇਵੇਂ ਅਤੇ ਰਵਾਇਤਾਂ ਦਾ ਟਕਰਾਅ ਸ਼ੁਰੂ ਹੁੰਦਾ ਹੈ। ਪੰਜਾਬ ਤੋ ਆਏ ਪਰਿਵਾਰਕ ਮੈਂਬਰ ਕੈਨੇਡੀਅਨ ਕਲਚਰ ਨੂੰ ਅਪਨਾਉਣ ਦੀ ਬਿਜਾਏ ਆਪਣੀਆਂ ਰਵਾਇਤਾਂ ਨੂੰ ਥੋਪਣ ਦਾ ਯਤਨ ਕਰਦੇ ਹਨ ਜਿਸ ਨਾਲ ਕਹਾਣੀ ਵਿਚ ਡਰਾਮੇ ਦੇ ਨਾਲ ਉਦਾਸੀ ਤੇ ਹੇਰਵੇ ਦਾ ਰੰਗ ਚੜਦਾ -ਉਤਰਦਾ ਹੈ। ਫਿਲਮ ਦਾ ਟਾਈਟਲ ਗੀਤ- ਓ ਰੱਬਾ ਜਿਹਨੇ ਪਿਆਰ ਦਿੱਤਾ...ਉਘੇ ਗਾਇਕ ਕਮਲ ਖਾਨ ਦੀ ਆਵਾਜ਼ ਵਿਚ ਹੈ। ਨਿਰਮਾਤਾ ਅਮਨਦੀਪ ਸਿੰਘ , ਡਾਇਰੈਕਟਰ ਨਸੀਰ ਜ਼ਮਾਨ ਤੇ ਸਰਬ ਨਾਗਰਾ ਹਨ ਜਦੋਂਕਿ ਪਟਕਥਾ ਲੇਖਕ ਪੰਕਜ ਬਤਰਾ ਹਨ।




ਰੰਗਮੰਚ

# ਡਾ. ਸਾਹਿਬ ਸਿੰਘ ਦਾ ਲਛੂ ਕਬਾੜੀਆ ਬਨਾਮ ਦੇਸ ਦਾ ਕਬਾੜਖਾਨਾ

ਰਵਿੰਦਰ ਸਿੰਘ ਸੋਢੀ









ਸਾਹਿਤ ਦੇ ਸਾਰੇ ਰੂਪਾਂ ਦੀ ਹੀ ਆਪਣੀ-ਆਪਣੀ ਮਹਤਤਾ ਹੈ, ਪਰ ਨਾਟ ਸਾਹਿਤ ਇਸ ਲਈ ਵਧੇਰੇ ਮਹਤਵਪੂਰਨ ਹੈ ਕਿਉਂ ਕਿ ਇਹ ਦੋ ਧਰਾਤਲਾਂ ਤੇ ਵਿਚਰਦਾ ਹੈ। ਇਹ ਪੜ੍ਹਿਆ ਵੀ ਜਾਂਦਾ ਹੈ ਅਤੇ ਮੰਚ ਤੇ ਪੇਸ਼ ਵੀ ਕੀਤਾ ਜਾਂਦਾ ਹੈ। ਮੰਚ ਦੀ ਪੇਸ਼ਕਾਰੀ ਕਰਕੇ ਇਹ ਦਰਸ਼ਕਾਂ ਨਾਲ ਸਿਧਾ ਰਾਬਤਾ ਕਾਇਮ ਕਰਦਾ ਹੈ। ਇਸੇ ਲਈ ਜਦੋਂ ਦਰਸ਼ਕ ਆਪਣੀਆਂ ਅਖਾਂ ਦੇ ਸਾਹਮਣੇ ਸਭ ਕੁਝ ਵਾਪਰਦਾ ਦੇਖਦੇ ਹਨ ਤਾਂ ਉਹ ਜ਼ਿੰਦਗੀ ਦੀਆਂ ਸਚਾਈਆਂ ਅਤੇ ਨਾਟਕਕਾਰ ਵਲੋਂ ਪੇਸ਼ ਕੀਤੀਆਂ ਘਟਨਾਵਾਂ ਦੀ ਤੁਲਨਾ ਕਰਦੇ ਹਨ। ਜਦੋਂ ਦਰਸ਼ਕਾਂ ਨੂੰ ਮਹਿਸੂਸ ਹੁੰਦਾ ਹੈ ਕਿ ਨਾਟਕਾਰ ਨੇ ਜ਼ਿੰਦਗੀ ਦੇ ਆਮ ਵਰਤਾਰਿਆਂ ਨੂੰ ਕਲਾਤਮਕ ਛੋਹਾਂ ਪ੍ਰਦਾਨ ਕਰਕੇ ਪੇਸ਼ ਕੀਤਾ ਹੈ ਤਾਂ ਉਹ ਜਲਦੀ ਹੀ ਮੰਚ ਤੇ ਕੀਤੀ ਜਾ ਰਹੀ ਪੇਸ਼ਕਾਰੀ ਨਾਲ ਇਕ-ਮਿਕ ਹੋ ਜਾਂਦੇ ਹਨ। ਜਦੋਂ ਮੰਚ ਤੇ ਵਿਚਰ ਰਹੇ ਪਾਤਰ ਵਧੀਆ ਅਦਾਕਾਰੀ ਕਰ ਰਹੇ ਹੁੰਦੇ ਹਨ ਤਾਂ ਦਰਸ਼ਕ ਕੁਝ ਸਮੇਂ ਲਈ ਆਪਣੇ ਆਲੇ-ਦੁਆਲੇ ਨਾਲੋਂ ਟੁਟ ਕੇ ਮੰਚ ਵੱਲ ਹੀ ਟਿਕਟਿਕੀ ਲਾ ਕੇ ਦੇਖਦੇ ਰਹਿੰਦੇ ਹਨ। ਜੇ ਕਿਤੇ ਅਜਿਹੀ ਪੇਸ਼ਕਾਰੀ ਇਕ ਪਾਤਰੀ ਹੋਵੇ ਤਾਂ ਦਰਸ਼ਕ ਮੰਤਰ ਮੁਗਧ ਹੀ ਹੋ ਜਾਂਦੇ ਹਨ।

ਡਾ. ਸਾਹਿਬ ਸਿੰਘ ਪੰਜਾਬੀ ਨਾਟ ਸਾਹਿਤ ਅਤੇ ਮੰਚ ਕਲਾਕਾਰੀ ਦਾ ਅਜਿਹਾ ਸੁਮੇਲ ਹੈ ਜਿਸ ਨੇ ਦੋਹਾਂ ਖੇਤਰਾਂ ਵਿਚ ਆਪਣੀ ਗਹਿਰੀ ਛਾਪ ਛੱਡੀ ਹੈ। ਪੰਜਾਬੀ ਰੰਗਮੰਚ ਤੇ ਇਕ ਪਾਤਰੀ ਨਾਟਕ ਘਟ ਗਿਣਤੀ ਵਿਚ ਹੀ ਪੇਸ਼ ਹੋਏ ਹਨ। ਅਸਲ ਵਿਚ ਕਿਸੇ ਵੀ ਅਦਾਕਾਰ ਲਈ ਇਹ ਚੁਣੌਤੀ ਹੁੰਦੀ ਹੈ ਕਿ ਉਹ ਤੀਹ, ਚਾਲੀ ਮਿੰਟਾਂ ਲਈ ਇਕਲਾ ਹੀ ਮੰਚ ਤੇ ਅਜਿਹੇ ਪ੍ਰਭਾਵਸ਼ਲੀ ਢੰਗ ਨਾਲ ਅਦਾਕਾਰੀ ਕਰੇ ਕਿ ਦਰਸ਼ਕਾਂ ਲਈ ਰੌਚਿਕਤਾ ਬਣੀ ਰਹੇ। ਪਰ ਜੇ ਇਕ ਹੀ ਕਲਾਕਾਰ ਨੂੰ ਡੇਢ ਘੰਟੇ ਦੇ ਲਗਭਗ ਮੰਚ ਤੇ ਰਹਿਣਾ ਪਵੇ ਤਾਂ ਨਿਸਚੇ ਹੀ ਇਕ ਹੀ ਪਾਤਰ ਲਈ ਇਹ ਬਹੁਤ ਮੁਸ਼ਕਿਲ ਹੁੰਦਾ ਹੈ ਕਿ ਉਹ ਨਾਟਕੀ ਟੱਕਰ ਨੂੰ ਮੰਚ ਤੇ ਕਿਵੇਂ ਸਾਕਾਰ ਕਰੇ। ਨਾਟਕਕਾਰ ਲਈ ਇਹ ਇਕ ਕਿਸਮ ਦਾ ਦੋ ਧਾਰੀ ਤਲਵਾਰ ਤੇ ਚਲਣ ਵਰਗਾ ਇਮਤਿਹਾਨ ਹੁੰਦਾ ਹੈ। ਹੈਰਾਨੀ ਦੀ ਗੱਲ ਹੈ ਕਿ ਡਾ. ਸਾਹਿਬ ਸਿੰਘ ਨੇ ਇਹ ਦੋਵੇਂ ਹੀ ਕਾਰਜ 'ਲਛੂ ਕਬਾੜੀਆ' ਵਿਚ ਬੜੀ ਕੁਸ਼ਲਤਾ ਨਾਲ ਨਿਭਾਏ ਹਨ।

ਡਾ. ਸਾਹਿਬ ਸਿੰਘ ਆਪਣੇ ਇਸ ਸ਼ਾਹਕਾਰ ਨਾਟਕ ਦੀਆਂ ਸੈਂਕੜੇ ਹੀ ਪੇਸ਼ਕਾਰੀਆਂ ਦੇਸ-ਵਿਦੇਸ਼ ਵਿਚ ਸਫਲਤਾ ਪੂਰਵਕ ਪੇਸ਼ ਕਰ ਚੁਕਿਆ ਹੈ। 7-8 ਅਕਤੂਬਰ ਨੂੰ ਪੰਜਾਬੀ ਭਵਨ, ਸਰੀ(ਕੈਨੇਡਾ) ਦੇ ਸਲਾਨਾ ਸਮਾਗਮ ਦੇ ਦੂਜੇ ਦਿਨ ਵਿਸ਼ੇਸ਼ ਤੌਰ ਤੇ ਇਸ ਇਕ ਪਾਤਰੀ ਨਾਟਕ ਦੀ ਪੇਸ਼ਕਾਰੀ ਕੀਤੀ ਗਈ। ਮੈਂ ਭਾਵੇਂ ਇਹ ਪੇਸ਼ਕਾਰੀ ਨਹੀਂ ਦੇਖ ਸਕਿਆ, ਪਰ ਇਸ ਦੀ ਰਿਕਾਰਡਿੰਗ ਦੇਖ ਕੇ ਹੀ ਇਸ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਿਆ।

ਨਾਟਕ ਦਾ ਪਾਤਰ ਲਛਮਣ ਉਰਫ ਲੱਛੂ ਆਪਣੀ ਕਹਾਣੀ ਸੁਣਾਉਂਦਾ ਹੈ, ਜੋ ਕਬਾੜੀਏ ਦਾ ਕੰਮ ਕਰਦਾ ਹੈ। ਕਬਾੜੀਆ ਆਮ ਲੋਕਾਂ ਦੇ ਘਰਾਂ ਵਿਚ ਪਈਆਂ ਬੇਕਾਰ ਦੀਆਂ ਚੀਜ਼ਾਂ ਖਰੀਦ ਕੇ ਉਹਨਾਂ ਨੂੰ ਅੱਗੇ ਵੇਚ ਕੇ ਆਪਣੀ ਕਮਾਈ ਕਰਦਾ ਹੈ। ਅਜਿਹੇ ਕੰਮ ਕਰਨ ਵਾਲਿਆਂ ਦੀ ਜ਼ਿੰਦਗੀ ਦੁਸ਼ਵਾਰੀਆਂ ਭਰੀ ਹੀ ਹੁੰਦੀ ਹੈ। ਉਹਨਾਂ ਦੀ ਪਰਿਵਾਰਕ ਜ਼ਿੰਦਗੀ ਦਾ ਇਸ ਤੋਂ ਵਡਾ ਦੁਖਾਂਤ ਹੋਰ ਕੀ ਹੋ ਸਕਦਾ ਹੈ ਜਰੂਰੀ ਪਰਿਵਾਰਕ ਕਾਰਜਾਂ ਵਿਚ ਉਹਲਾ ਰੱਖਣ ਲਈ ਉਹਨਾਂ ਨੂੰ ਅਧੋਰਾਣੀਆਂ ਚਾਦਰਾਂ ਦਾ ਸਹਾਰਾ ਲੈਣਾ ਪੈਂਦਾ ਹੈ। ਘਰ ਨੂੰ ਬੰਦ ਕਰਨ ਲਈ ਦਰਵਾਜ਼ੇ ਵੀ ਨਹੀਂ ਹੁੰਦੇ। ਇਸੇ ਲਈ ਲੱਛੂ ਕਿਸੇ ਕਲਪਿਤ ਪਾਤਰ ਨੂੰ ਘਰ ਦੇ ਅੰਦਰ ਬੁਲਾਉਣ ਵੇਲੇ ਕਹਿੰਦਾ ਹੈ ਕਿ ਉਸ ਦੇ ਘਰ ਅੰਦਰ ਆਉਣ ਲਈ ਜਿਧਰੋਂ ਮਰਜੀ ਅੰਦਰ ਆ ਜਾਓ ਅਤੇ ਜਿਧਰੋਂ ਮਰਜੀ ਬਾਹਰ ਚਲੇ ਜਾਓ। ਭਾਵੇਂ ਇਹ ਵਾਕ ਉਹ ਬੜੇ ਸਹਿਜ ਨਾਲ ਬੋਲ ਜਾਂਦਾ ਹੈ, ਪਰ ਇਸ ਪਿਛੇ ਉਸ ਦੀ ਲੁਕੀ ਚੀਸ ਉਜਾਗਰ ਜਰੂਰ ਹੋ ਜਾਂਦੀ ਹੈ। ਇਸੇ ਤਰਾਂ ਜਦੋਂ ਉਹ ਇਹ ਕਹਿੰਦਾ ਹੈ ਕਿ ਉਸ ਦੀ ਮਾਂ ਨੇ ਤਾਂ ਉਸ ਦਾ ਨਾਂ ਲਛਮਣ ਰੱਖਿਆ ਸੀ, ਪਰ ਦੁਨੀਆਂ ਨੇ ਉਸ ਨੂੰ ਲੱਛੂ ਹੀ ਬਣਾ ਦਿੱਤਾ ਤਾਂ ਇਥੇ ਸਾਡੇ ਦੇਸ ਦੇ ਗਰੀਬਾਂ ਦੀ ਇਹ ਤਰਾਸਦੀ ਪੇਸ਼ ਕੀਤੀ ਗਈ ਹੈ ਕਿ ਗਰੀਬਾਂ ਨੂੰ ਤਾਂ ਹਰ ਥਾਂ ਦੁਰਕਾਰਿਆ ਹੀ ਜਾਂਦਾ ਹੈ। ਲੱਛੂ ਨੂੰ ਉਹ ਦਿਨ ਵੀ ਯਾਦ ਆਉਂਦੇ ਹਨ ਜਦੋਂ ਉਹ ਆਪ ਪੜਦਾ ਹੁੰਦਾ ਸੀ, ਹਾਕੀ ਦਾ ਵਧੀਆ ਖਿਡਾਰੀ ਸੀ। ਉਸ ਨੂੰ ਆਪਣੇ ਛਿੰਦੇ ਪੁੱਤ ਦੀ ਯਾਦ ਵੀ ਆਉਂਦੀ ਹੈ ਜੋ ਪੜਾਈ ਵਿਚ ਬਹੁਤ ਹੁਸ਼ਿਆਰ ਸੀ। ਉਹ ਆਪਣੇ ਛਿੰਦੇ ਨੂੰ ਇਸ ਗੱਲ ਤੋਂ ਰੋਕਦਾ ਹੈ ਕਿ ਉਹ ਕਿਸੇ ਵੱਡੇ ਘਰ ਦੀ ਕੁੜੀ ਦੇ ਪਿਆਰ ਦੇ ਚੱਕਰਾਂ ਵਿਚ ਨਾ ਪਵੇ। ਉਸ ਨੇ ਦੁਨੀਆ ਦੇਖੀ ਹੋਈ ਸੀ, ਇਸ ਲਈ ਉਸ ਨੂੰ ਪਤਾ ਸੀ ਕਿ ਗਰੀਬੀ ਦਾ ਅਮੀਰੀ ਨਾਲ ਕਦੇ ਵੀ ਮੇਲ ਨਹੀਂ ਹੋ ਸਕਦਾ। ਜਦੋਂ ਘਰ ਵਿਚ ਬੰਦ ਪਏ ਕਬਾੜ ਵਿਚੋਂ ਉਸ ਨੂੰ ਆਪਣੇ ਪੁੱਤਰ ਦੀ ਕਾਪੀ ਮਿਲਦੀ ਹੈ ਤਾਂ ਉਸ ਵਿਚ ਲਿਖੇ ਕੁਝ ਸਫੇ ਹਵਾ ਵਿਚ ਉੜਾ ਦਿੰਦਾ ਹੈ ਅਤੇ ਕੁਝ ਸਾਂਭ ਕੇ ਰੱਖ ਲੈਂਦਾ ਹੈ। ਕਬਾੜ ਦੀ ਬੋਰੀ ਵਿਚੋਂ ਉਸ ਨੂੰ ਮੰਗਣ ਵਾਲਾ ਇਕ ਕਟੋਰਾ ਵੀ ਮਿਲਦਾ ਹੈ, ਜਿਸ ਨੂੰ ਉਹ 'ਬਾਊ' ਦੀ ਕੁਰਸੀ ਦੇ ਸਪੁਰਦ ਕਰ ਦਿੰਦਾ ਹੈ। ਅਸਲ ਵਿਚ ਇਹ 'ਬਾਊ' ਦਾ ਕਲਪਿਤ ਪਾਤਰ ਸਾਡੇ ਦੇਸ ਦੇ ਸ਼ਾਤਰ ਰਾਜਸੀ ਨੇਤਾਵਾਂ ਨੂੰ ਰੂਪਮਾਨ ਕਰਦਾ ਹੈ। ਲੱਛੂ ਇਹ ਕਟੋਰਾ 'ਬਾਊ' ਦੀ ਕੁਰਸੀ ਕੋਲ ਰੱਖਦੇ ਹੋਏ ਜਦੋਂ ਇਹ ਕਹਿੰਦਾ ਹੈ ਕਿ ਇਹ ਤੇਰੇ ਕੰਮ ਆਵੇਗਾ ਤਾਂ ਇਹ ਡੂੰਘੇ ਅਰਥਾਂ ਦਾ ਲਿਖਾਇਕ ਹੈ। ਨਾਟਕਕਾਰ ਰਾਜਸੀ ਨੇਤਾਵਾਂ ਦੇ ਵੋਟਾਂ ਦੇ ਸਮੇਂ ਹਰ ਵਰਗ ਦੇ ਲੋਕਾਂ ਸਾਹਮਣੇ ਹੱਥ ਜੋੜ ਅਤੇ ਪੈਰੀ ਹੱਥ ਲਾ ਕੇ ਵੋਟ ਮੰਗਨ ਦੀ ਪਰਵਿਰਤੀ ਤੇ ਗਹਿਰੀ ਚੋਟ ਕਰਦਾ ਹੈ। ਜਦੋਂ ਨਾਟਕ ਦੇ ਮੁੱਢ ਵਿਚ ਲੱਛੂ 'ਬਾਊ' ਨੂੰ ਕਹਿੰਦਾ ਹੈ ਕਿ ਬਾਊ, ਲੱਛੂ ਕਬਾੜੀਏ ਦੇ ਘਰ ਚੱਕਰ ਲਾਉਣ ਦੀਆਂ ਫੋਟੋਆਂ ਦਸ-ਪੰਦਰਾ ਅਖਬਾਰਾਂ ਵਿਚ ਤਾਂ ਲਗਵਾ ਹੀ ਦੇਵੇਗਾ ਤਾਂ ਇਸ ਵਾਕ ਰਾਹੀਂ ਉਹ ਇਕ ਵਾਰ ਫੇਰ ਰਾਜਸੀ ਆਗੂਆਂ ਦੀ ਦਿਖਾਵੇ ਦੀ ਰੁਚੀ ਨੂੰ ਭੰਡਦਾ ਹੈ, ਜੋ ਵੋਟਾਂ ਦੇ ਮੌਸਮ ਵਿਚ ਗਰੀਬਾਂ ਦੇ ਘਰ ਰਹਿਣ ਅਤੇ ਉਹਨਾਂ ਦੀ ਰੁੱਖੀ-ਸੁੱਕੀ ਖਾ ਕੇ ਅਖਬਾਰਾਂ ਰਾਹੀਂ ਆਪਣੇ ਗਰੀਬ ਹਿਤੈਸ਼ੀ ਹੋਣ ਦਾ ਢੰਢੋਰਾ ਪਿੱਟ ਕੇ ਰਾਜਸੀ ਲਾਹਾ ਲੈਣ ਦੇ ਚੱਕਰਾਂ ਵਿਚ ਰਹਿੰਦੇ ਹਨ। ਜਦੋਂ ਉਹ ਕਬਾੜ ਦੀ ਬੋਰੀ ਨੂੰ ਉਲਟਾ ਕੇ ਉਸ ਵਿਚ ਭਰੀਆਂ 'ਅਧੀਏਂ' ਅਤੇ 'ਪਊਏਂ' ਦਾ ਢੇਰ ਲਾਉਂਦਾ ਹੈ ਤਾਂ ਦਰਸ਼ਕਾਂ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਇਹਨਾਂ ਬਗਲੇ ਭਗਤਾਂ ਵੱਲੋਂ ਵੋਟਾਂ ਦੀ ਖਰੀਦ ਲਈ ਨਸ਼ੇ ਵੰਡਣ ਦੇ ਰੁਝਾਣ ਨੂੰ ਖਤਮ ਕਰਨ ਦਾ ਵਕਤ ਆ ਗਿਆ ਹੈ। ਕਬਾੜ ਵਿਚੋਂ ਨਿਕਲੀ ਆਪਣੀ ਪੁਰਾਣੀ ਪੱਗ ਦੇਖ ਕੇ ਉਹ ਪੱਗ ਨੂੰ ਖੁਸ਼ੀ-ਖੁਸ਼ੀ ਆਪਣੇ ਸਿਰ ਤੇ ਸਜਾਉਂਦਾ ਹੋਇਆ ਜਦੋਂ ਇਹ ਕਹਿੰਦਾ ਹੈ ਕਿ ਉਸ ਨੂੰ ਇਹ ਯਕੀਨ ਸੀ ਕਿ ਇਕ ਦਿਨ 'ਉਸ ਦੀ ਪੱਗ ਦਾ ਆਖਰੀ ਲੜ ਜ਼ਰੂਰ ਪੂਰਾ ਆਵੇਗਾ,' ਤਾਂ ਇਸ ਵਾਕ ਰਾਹੀਂ ਉਹ ਇਹ ਕਹਿਣਾ ਚਾਹੁੰਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਗੁਰਬਤ ਦੇ ਮਾਰੇ ਅਤੇ ਰਾਜਸੀ ਨੇਤਾਵਾਂ ਦੇ ਝੂਠੇ ਲਾਰਿਆਂ ਦੇ ਝੰਬੇ ਅਤੇ ਹਾਸ਼ੀਏ ਤੇ ਧੱਕੇ ਲੋਕਾਂ ਵਿਚ ਵੀ ਜਾਗ੍ਰਤੀ ਪੈਦਾ ਹੋਵੇ ਗੀ ਅਤੇ ਉਹ ਵੀ ਇਜ਼ਤ ਦੀ ਜ਼ਿੰਦਗੀ ਬਸ਼ਰ ਕਰ ਸਕਨ ਗੇ। ਨਾਟਕਕਾਰ ਸਾਹਿਬ ਸਿੰਘ ਆਪਣਾ ਇਹ ਸੁਨੇਹਾ ਦਰਸ਼ਕਾਂ ਤੱਕ ਪਹੁੰਚਾਉਣ ਵਿਚ ਕਾਮਯਾਬ ਹੋਇਆ ਹੈ।

ਸਾਹਿਬ ਸਿੰਘ ਸਿਰਫ ਨਾਟਕਕਾਰ ਦੇ ਤੌਰ ਤੇ ਹੀ ਸਫਲ ਨਹੀਂ ਹੋਇਆ ਬਲਕਿ ਕਲਾਕਾਰ ਦੇ ਤੌਰ ਤੇ ਵੀ ਨਵੀਆਂ ਉਚਾਈਆਂ ਸਰ ਕਰਦਾ ਹੈ। ਉਸ ਨੇ ਨਾਟਕ ਦੀ ਕਹਾਣੀ ਦੇ ਹਰ ਬਦਲਦੇ ਨਵੇਂ ਮੋੜ

*(ਬਾਕੀ ਸਫ਼ਾ 25 'ਤੇ)*



# ਪੰਜਾਬੀ ਫਿਲਮੀ ਹਸਤੀਆਂ ਵੱਲੋਂ ਸਰੀ ਸ਼ਹਿਰ ਨੂੰ ਫਿਲਮੀ ਹੱਬ ਬਣਾਉਣ ਲਈ ਵਿਚਾਰਾਂ

ਸਿਰੀ (ਹਰਦਮ ਮਾਨ)-ਸਰੀ ਸ਼ਹਿਰ ਨੂੰ ਪੰਜਾਬੀ ਫਿਲਮੀ ਹੱਬ ਬਣਾਇਆ ਜਾਵੇਗਾ। ਇਹ ਵਿਚਾਰ ਬੀਤੇ ਦਿਨ ਪੰਜਾਬੀ ਸਭਿਆਚਾਰ, ਸਾਹਿਤ, ਕਲਾ ਅਤੇ ਪੰਜਾਬੀਅਤ ਨੂੰ ਉਭਾਰਦੀਆਂ ਫਿਲਮਾਂ ਦੇ ਕਦਰਦਾਨ ਅਤੇ ਬੀ.ਸੀ. ਦੇ ਉੱਘੇ ਬਿਜਨਸਮੈਨ ਜਤਿੰਦਰ ਜੇ ਮਿਨਹਾਸ ਵੱਲੋਂ ਦਿੱਤੀ ਖਾਣੇ ਦੀ ਦਾਅਵਤ ਸਮੇਂ ਵੱਖ ਵੱਖ ਫਿਲਮੀ ਹਸਤੀਆਂ ਨੇ ਪ੍ਰਗਟ ਕੀਤੇ। ਇਸ ਚਰਚਾ ਵਿਚ ਪੰਜਾਬੀ ਫਿਲਮਾਂ ਦੇ ਕੁਝ ਪ੍ਰੋਡਿਊਸਰ, ਡਾਇਰੈਕਟਰ, ਲੇਖਕ ਅਤੇ ਅਦਾਕਾਰ ਸ਼ਾਮਲ ਹੋਏ, ਜਿਨ੍ਹਾਂ ਵਿਚ ਪ੍ਰਸਿੱਧ ਅਦਾਕਾਰ ਯੋਗਰਾਜ ਸਿੰਘ, ਸਰਬਜੀਤ ਚੀਮਾ, ਫਿਲਮ ਸਰਦਾਰਾ ਐਂਡ ਸੰਨਜ਼ ਦੇ ਨਿਰਮਾਤਾ ਅਮਨਦੀਪ ਸਿੰਘ, ਡਾਇਰੈਕਟਰ ਸਰਬ ਨਾਗਰਾ, ਲੇਖਕ ਪੰਕਜ ਬਤਰਾ, ਲੱਕੀ ਸੰਧੂ, ਡਾ. ਜਸਵਿੰਦਰ ਦਿਲਾਵਰੀ, ਡਾ. ਹਾਕਮ ਭੁੱਲਰ, ਇੰਦਰਜੀਤ ਬੈਂਸ, ਸੋਨੀ ਅਤੇ ਜਤਿੰਦਰ ਜੇ ਮਿਨਹਾਸ ਸ਼ਾਮਲ ਸਨ। ਇਸ ਮੌਕੇ ਪੰਜਾਬੀ ਫਿਲਮਾਂ ਬਾਰੇ ਵਿਚਾਰ ਵਟਾਂਦਰਾ ਹੋਇਆ ਅਤੇ ਵਿਸ਼ੇਸ਼ ਤੌਰ ਤੇ ਇੰਦਰਜੀਤ ਬੈਂਸ ਨੇ ਸਰੀ ਵਿਚ ਪੰਜਾਬੀ ਫਿਲਮ ਹੱਬ ਸਥਾਪਿਤ ਕਰਨ ਦੀ ਗੱਲ ਕਹੀ। ਇਸ ਉਪਰ ਸਹਿਮਤੀ ਪ੍ਰਗਟ ਕਰਦਿਆਂ ਸਰਬਜੀਤ ਚੀਮਾ, ਜਤਿੰਦਰ ਜੇ. ਮਿਨਹਾਸ ਅਤੇ ਅਮਨਦੀਪ ਸਿੰਘ ਨੇ ਕਿਹਾ ਕਿ ਸਰੀ ਅਸਲ ਵਿਚ ਹੁਣ ਪੰਜਾਬੀ ਫਿਲਮਾਂ ਲਈ ਬੇਹੱਦ ਢੁਕਵਾਂ ਅਤੇ ਖ਼ੂਬਸੂਰਤ ਸਥਾਨ ਹੈ। ਜੇਕਰ ਸਰੀ ਅਤੇ ਕੈਨੇਡਾ ਤੋਂ ਬਾਹਰੋਂ ਆ ਕੇ ਫਿਲਮ ਨਿਰਮਾਤਾ, ਨਿਰਦੇਸ਼ਕ ਸਰੀ, ਵੈਨਕੂਵਰ ਖੇਤਰ ਵਿਚ ਵਧੀਆ ਅਤੇ ਸਫਲ ਫਿਲਮਾਂ ਦਾ ਨਿਰਮਾਣ ਕਰ ਸਕਦੇ ਹਨ ਤਾਂ ਸਰੀ ਵਿਚ ਵੱਡੀ ਗਿਣਤੀ ਵਿਚ ਰਹਿ ਰਹੇ ਪੰਜਾਬੀ ਫਿਲਮਾਂ ਦੇ ਅਦਾਕਾਰ, ਪ੍ਰੋਡਿਊਸਰ, ਡਾਇਰੈਕਟਰ, ਲੇਖਕ, ਗਾਇਕ ਅਤੇ ਗੀਤਕਾਰ ਵੀ ਅਜਿਹਾ ਕਰ ਸਕਦੇ ਹਨ। ਇਹ ਵਿਚਾਰ ਉੱਭਰ ਕੇ ਸਾਹਮਣੇ ਆਇਆ ਕਿ ਇਹ ਬੇਹੱਦ ਢੁੱਕਵਾਂ ਮੌਕਾ ਹੈ ਕਿ ਪੰਜਾਬੀ ਫਿਲਮਾਂ ਦੇ ਕੇਂਦਰ ਸਰੀ ਨੂੰ ਫਿਲਮੀ ਹੱਬ ਬਣਾ ਕੇ ਲਾਭ ਉਠਾਇਆ ਜਾਵੇ। ਇਸ ਸੰਬੰਧ ਵਿਚ ਅਗਲੇ ਦਿਨਾਂ ਵਿਚ ਹੋਰ ਚਰਚਾ ਕਰਨ ਅਤੇ ਫਿਲਮੀ ਖੇਤਰ ਸੰਬੰਧਤ ਸਾਰੀਆਂ ਸ਼ਖ਼ਸੀਅਤਾਂ ਨੂੰ ਇਕ ਪਲੇਟਫਾਰਮ ਤੇ ਲਿਆ ਕੇ ਕਾਰਜ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ।






# ਡਾ. ਸਾਹਿਬ ਸਿੰਘ ਦਾ ਲਛੂ ਕਬਾੜੀਆ ਬਨਾਮ ਦੇਸ ਦਾ ਕਬਾੜਖਾਨਾ

*(ਸਫ਼ਾ 25 ਦੀ ਬਾਕੀ)*

ਅਨੁਸਾਰ ਅਦਾਕਾਰੀ ਕੀਤੀ ਹੈ। ਆਪਣੀ ਜੀਵਨ ਸਾਥਨ ਨਾਲ ਗੱਲਾਂ ਕਰਦੇ ਸਮੇਂ ਜਿਸ ਢੰਗ ਨਾਲ ਉਹ ਫੁਲਕਾਰੀ ਵਾਲੀ ਚੁੰਨੀ ਨੂੰ ਥੋਹੜਾ ਜਿਹਾ ਮੋੜ ਕੇ ਪਿਆਰ ਭਰੀਆਂ ਗੱਲਾਂ ਕਰਦਾ ਹੈ ਤਾਂ ਉਸ ਦਾ ਲਹਿਜ਼ਾ ਕੁਝ ਹੋਰ ਹੁੰਦਾ ਹੈ, ਜਦੋਂ ਪਿਛੋਕੜ ਤੋਂ ਪਿਓ ਦੇ ਖੰਘਣ ਦੀ ਅਵਾਜ਼ ਆਉਂਦੀ ਹੈ ਤਾਂ ਪਹਿਲੀ ਵਾਰ ਉਹ ਅਰਾਮ ਨਾਲ ਪਿਓ ਨੂੰ ਪਾਣੀ ਪੀਣ ਲਈ ਕਹਿੰਦਾ ਹੈ, ਪਰ ਜਦੋਂ ਉਸਦੇ ਪਿਓ ਦੀ ਖੰਘ ਦੀ ਅਵਾਜ਼ ਬੰਦ ਹੀ ਨਹੀਂ ਹੁੰਦੀ ਤਾਂ ਉਹ ਚੀਕਵੀਂ ਅਵਾਜ਼ ਵਿਚ ਬੋਲਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਹ ਮੌਕੇ ਅਨੁਸਾਰ ਆਪਣੀ ਅਵਾਜ਼ ਦੇ ਉਤਰਾ-ਚੜ੍ਹਾਅ ਵਿਚ ਪਰਵੀਨ ਹੈ ਪਤਨੀ ਨਾਲ ਪਿਆਰ ਭਰੀਆਂ ਗਲਾਂ ਕਰਨ ਸਮੇਂ ਉਸ ਦਾ ਲਹਿਜ਼ਾ ਰੁਮਾਂਟਿਕ ਹੈ, ਪਰ ਜਦੋਂ ਉਸਦੀ ਮਾਰ ਕੁਟਾਈ ਕਰਦਾ ਹੈ ਤਾਂ ਉਸ ਦੇ ਚਿਹਰੇ ਤੇ ਗੁੱਸੇ ਦੀ ਝਲਕ ਦਿਖਾਈ ਦਿੰਦੀ ਹੈ ਅਤੇ ਅੱਖਾਂ ਵਿਚੋਂ ਅੰਗਿਆਰੇ ਡਿਗਦੇ ਪ੍ਰਤੀਤ ਹੁੰਦੇ ਹਨ। ਆਪਣੇ ਪੁੱਤਰ ਨੂੰ ਯਾਦ ਕਰਨ ਵੇਲੇ ਉਸਦਾ ਕਰੁਨਾਮਈ ਚਿਹਰਾ ਦਰਸ਼ਕਾਂ ਦੀਆਂ ਅੱਖਾਂ ਵਿਚ ਵੀ ਸਲਾਭਾ ਲਿਆ ਦਿੰਦਾ ਹੈ। ਜਿਥੇ ਸਾਹਿਬ ਸਿੰਘ ਨੇ ਤਕਰੀਬਨ ਬਹੁਤਾ ਸਮਾਂ ਦਰਸ਼ਕਾਂ ਨੂੰ ਆਪਣੀ ਅਦਾਕਾਰੀ ਨਾਲ ਬੰਨ ਕੇ ਰੱਖਿਆ, ਉਥੇ ਨਾਟਕ ਦੇ ਮੁੱਢ ਵਿਚ ਜਦੋਂ ਉਹ 'ਬਾਊ' ਨੂੰ ਸੰਬੋਧਨ ਕਰਦਾ ਹੋਇਆ ਵਾਰ-ਵਾਰ 'ਬਾਊ, ਬਾਊ' ਦੀ ਮੁਹਾਰਨੀ ਬੋਲਦਾ ਹੈ ਤਾਂ ਕੁਝ ਓਪਰਾ ਜਿਹਾ ਲੱਗਦਾ ਹੈ ਅਤੇ ਮੈਨੂੰ ਮਹਿਸੂਸ ਹੋਇਆ ਕਿ ਜਿਵੇਂ ਉਹ ਸਧਾਰਨ ਪੱਧਰ ਦੀ ਅਦਾਕਾਰੀ ਹੀ ਕਰ ਰਿਹਾ ਹੋਵੇ, ਪਰ ਜਦੋਂ ਇਸ ਤੋਂ ਅਗਲਾ ਹਿੱਸਾ ਸ਼ੁਰੂ ਹੁੰਦਾ ਹੈ ਤਾਂ ਇਕ ਨਵਾਂ ਹੀ ਸਾਹਿਬ ਸਿੰਘ ਦਰਸ਼ਕਾਂ ਦੇ ਸਾਹਮਣੇ ਆਉਂਦਾ ਹੈ ਅਤੇ ਮੇਰੇ ਵਰਗੇ ਕੁਝ ਜਿਆਦਾ ਹੀ ਨਘੋਚੀ ਕਿਸਮ ਦੇ ਦਰਸ਼ਕ ਵੀ ਨਾਟਕ ਦੇ ਪਹਿਲੇ ਦਰਿਸ਼ ਵਾਲੇ ਲੱਛੂ ਨੂੰ ਭੁੱਲ ਕੇ ਨਵੇਂ ਲੱਛੂ ਦੀ ਅਦਾਕਾਰੀ ਦੇ ਵਹਿਣ ਵਿਚ ਵਹਿ ਜਾਂਦੇ ਹਨ। ਜਦੋਂ ਮੰਚ ਤੇ ਵਿਚਰ ਰਿਹਾ ਕੋਈ ਵੀ ਕਲਾਕਾਰ, ਦਰਸ਼ਕਾਂ ਨੂੰ ਆਪਣੇ ਨਾਲ ਤੋਰਨ ਦੀ ਸਥਿਤੀ ਵਿਚ ਪਹੁੰਚ ਜਾਂਦਾ ਹੈ ਤਾਂ ਇਹ ਅਵਸਥਾ ਨਿਰਸੰਦੇਹ ਕਲਾਕਾਰ ਦੀ ਕਲਾ ਦਾ ਸਿਖਰ ਹੁੰਦੀ ਹੈ। ਜੇ ਧਿਆਨ ਨਾਲ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਨਾਟਕਕਾਰ ਨੇ ਲਛੂ ਕਬਾੜੀਏ ਰਾਹੀਂ ਸਾਡੇ ਦੇਸ ਦੇ ਵੱਖ-ਵੱਖ ਖੇਤਰਾਂ ਨੂੰ ਪ੍ਰਦੂਸ਼ਿਤ ਕਰ ਰਹੇ ਕਬਾੜ ਨੂੰ ਰੂਪਮਾਨ ਕੀਤਾ ਹੈ। ਪ੍ਰਸਤੁਤ ਨਾਟਕ ਦੀ ਪੇਸ਼ਕਾਰੀ ਨਾਲ ਡਾ. ਸਾਹਿਬ ਸਿੰਘ ਬਤੌਰ ਨਾਟਕਕਾਰ ਅਤੇ ਅਦਾਕਾਰ ਪੂਰਨ ਤੌਰ ਕੇ ਸਫਲ ਰਿਹਾ ਹੈ ਡਾ. ਸਾਹਿਬ ਸਿੰਘ ਲੰਮਾਂ ਸਮਾਂ ਪੰਜਾਬੀ ਰੰਗਮੰਚ ਦੇ ਬਾਬਾ ਬੋਹੜ, ਗੁਰਸ਼ਰਨ ਸਿੰਘ ਨਾਲ ਮੰਚ ਤੇ ਵਿਚਰਿਆ ਹੈ। ਉਹਨਾਂ ਤੋਂ ਅਦਾਕਾਰੀ, ਨਿਰਦੇਸ਼ਨਾ ਅਤੇ ਰੰਗ ਮੰਚ ਦੇ ਹੋਰ ਪਹਿਲੂਆਂ ਦੀਆਂ ਬਾਰੀਕੀਆਂ ਨੂੰ ਸਿਖਿਆ ਹੈ। ਵਰਤਮਾਨ ਸਮੇਂ ਵਿਚ ਉਹ ਸਰਦਾਰ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਵਲੋਂ ਸਥਾਪਿਤ ਕੀਤੀ ਅਮੀਰ ਰੰਗਮੰਚ ਪ੍ਰੰਪਰਾ ਦੇ ਹੋਣਹਾਰ ਵਾਰਿਸ ਦੇ ਰੂਪ ਵਿਚ ਆਪਣੇ ਆਪ ਨੂੰ ਸਥਾਪਤ ਕਰ ਚੁੱਕਿਆ ਹੈ।



Gold key
INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY<br>(604) 502 - 0441<br>FAX (604) 502-0417 | 5-8430 128TH ST.<br>SURREY, BC<br>V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| VANCOUVER<br>(604) 325 - 1241<br>FAX (604) 325-1414 | 4038 KNIGHT ST.<br>VANCOUVER, BC<br>V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

OPEN 7 DAYS

ICBC autoplan www.goldkeyinsurance.ca


fruiticana hee jaana!
Your one and only Punjabi neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
EXTRA EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$13.98 bag
EXTRA SUPER SUPER SPECIAL
Round Tomatoes
ਗੋਲ ਟਮਾਟਰ
99¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.99 bag
SUPER SUPER SPECIAL
Spinach
ਪਾਲਕ
99¢ bunch
SUPER SPECIAL
Gala Apples BC
ਗਾਲਾ ਸੇਬ ਬੀਸੀ
79¢ lb
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Gur Plain & Masala 2 lbs Shell
ਪੇਸੀ ਅਤੇ ਮਸਾਲਾ ਗੁੜ
$2.99 pkg.
SUPER SPECIAL
Red Delicious Apples BC
ਲਾਲ ਸਵਾਦ ਸੇਬ ਬੀਸੀ
79¢ lb
SUPER SPECIAL
Cilantro
ਧਣੀਆ
2 bunches for $1.50
Chickpeas
ਚਿੱਟੇ ਛੋਲੇ
99¢ lb
Shakkar 1 kg Indican
ਸ਼ੱਕਰ ਇੰਡਿਕਨ
$2.99 jar
SUPER SPECIAL
Red Lentil Whole
ਮਸਰਾ ਦੀ ਸਾਬਤ ਦਾਲ
78¢ lb
Zucchini Squash
ਜ਼ੁਕੀਨੀ ਸਕੁਐਸ਼
78¢ lb
Almond Oil 1 L (Indican)
ਇੰਡਿਕੈਨ ਬਦਾਮ ਦਾ ਤੇਲ
$12.99 bottle
Indican Assam Tea 216's
ਇੰਡਿਕੈਨ ਅਸਾਮ ਚਾਹ
$6.99 pkg.
Red, Yellow & Orange Peppers BC
ਸ਼ਿਮਲਾ ਮਿਰਚਾਂ (ਲਾਲ,ਪੀਲੀਆਂ ਅਤੇ ਸੰਤਰੀ) ਬੀਸੀ
99¢ lb
Roma Tomatoes
ਰੋਮਾ ਟਮਾਟਰ
$1.49 lb
Almonds #1
ਬਦਾਮ
$3.98 lb
Indican Tea 450 g
ਇੰਡੀਕਨ ਚਾਹ
$2.99 pkg.
Gala Apples USA #1
ਗਾਲਾ ਸੇਬ ਯੂ.ਐਸ. #੧
$1.29 lb
Rapini (Sarson da Saag)
ਸਰਸੋਂ ਦਾ ਸਾਗ
$2.88 bunch
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
(ਇੰਡੀਕੈਨ)
$3.98 bag
Fri Oct 20, 2023 - Wed Oct 25, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 9 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------ 15230 84 Ave. --------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. ------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------ 6257 Fraser St. -------------- 604-321-9931
Richmond------- 4101 No.5 Rd. --------------- 604-244-9520